# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
## ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ.-1 ਸਮੈਸਟਰ ਦੂਜਾ

ਪੇਪਰ : ਦਸਵਾਂ (ਪਾਠਕ੍ਰਮ ਦਾ ਵਿਕਾਸ) ਯੂਨਿਟ : 1

ਮੀਡੀਅਮ : ਪੰਜਾਬੀ


ਪਾਠ ਨੰ.


1.1 ਪਾਠਕ੍ਰਮ: ਪਾਠਕ੍ਰਮ ਅਤੇ ਸਿਲੇਬਸ, ਧਾਰਨਾ, ਜ਼ਰੂਰਤ, ਕਿਸਮਾਂ ਅਤੇ ਮਹੱਤਵ, ਪਾਠਕ੍ਰਮ ਦੇ ਆਧਾਰ ਅਤੇ ਕੰਮ, ਪਾਠਕ੍ਰਮ ਦਾ ਵਿਕੇਂਦਰੀਕਰਨ

1.2 ਪਾਠਕ੍ਰਮ ਬਦਲਾਅ: ਸੰਕਲਪ, ਉਦੇਸ਼, ਕਾਰਕ, ਰੁਕਾਵਟਾਂ ਅਤੇ ਵੱਖ ਵੱਖ ਏਜੰਸੀਆਂ ਦੀ ਭੂਮਿਕਾ

1.3 ਪਾਠਕ੍ਰਮ ਵਿਕਾਸ: ਸੰਕਲਪ, ਪੜਾਅ, ਸਿਧਾਂਤ ਅਤੇ ਪਹੁੰਚਾਂ

1.4 ਪਾਠਕ੍ਰਮ ਵਿਚ ਹਿੱਤਧਾਰਕ: ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ, ਅਧਿਆਪਕ ਦਾ ਤਜ਼ਰਬਾ, ਮਾਪਿਆਂ ਦੀਆਂ ਉਮੀਦਾਂ



**website : www.pbidde.org**

# PAPER- X: CURRICULUM DEVELOPMENT

**SUBJECT CODE:** EDUBED1203T

Max. Marks: 100
External: 70
Internal: 30

## (A) COURSE OUTCOMES

After completion of the course the student teacher will be able to:

- Understand the concept, need, importance and types of Curriculum and Syllabus.
- Understand the Foundation, decentralization, development of curriculum and notional practices.
- Know the process of curriculum change and development.
- Understand the Learner characteristics, Teacher's experiences and Parental expectations as Stakeholders in Curriculum.
- Understand the different approaches to Curriculum development as per the futuristic needs of vocational and skill development.
- Know the need, purposes and importance of curriculum for children with special needs.

## (B) SYLLABUS

### SECTION-A

(i) Curriculum: curriculum and syllabus: concept, need and importance; types of curriculum, Foundation of curriculum; decentralization of curriculum developmentand notional practices.

(ii) Process of curriculum change and development

(iii)Stakeholders in Curriculum : Learner characteristics, Teacher's Experiences, Parental expectations

### SECTION-B

(iv)Approaches to Curriculum development: Subject-centered and learner-centered; Content organization; Spiral curriculum, unitization of syllabus, integration of school curriculum with futuristic needs; vocational bias and skill development curriculum.

(v) Curriculum for children with special needs: purpose and importance, curriculum needs of gifted, visually challenged and slow learner.

**Activities (Any one of the following)**

(i) Preparing a report on difficulties faced in chapter wise teaching of the school subject.

(ii) Identifying gender bias in any one chapter of a school text book.

(iii) Critical appraisal of NCF-2005.

## (C) BOOKS RECOMMENDED


1. Butchvarov, P. (1970), *The Concept of Knowledge*, Evanston, Illinois: North Western University Press.
2. Chomsky, N (1986). *Knowledge of Language*, New York : Prager.
3. Cole Luella (1950). *A History of Education: Socrates to Montessori*, NewYork: Holt,Rinehart




Head,
Department of Education & C.S.,
Punjabi University, Patiala

& Winston.

4. Datta, D.M. (1972). *Six ways of Knowing*. Calcultta.: Calcultta University Press.
5. Dewey, J. (1997) My Pedagogic Creed", in D.J. Flinders and S.J. Thorton(eds.)The Curriculum Studies Reader, New York: Routledge.
6. Dewey, J (1956). *The Child and the Curriculum and School and Society*, Universityof Chicago Press, U.S.A. Chicago, Illinois.
7. Krishna M. J. (1947) *On Education*, New Delhi: Orient Longman.
8. Kumar K. (1996*). Learning from Conflict*, New Delhi: Orient Longman.
9. Lakshmi, T.K.S. & Yadav M.S. (1992). Education: Its Evolving Characteristics,in *New Frontiers in Education*, Vol. XXII, No.4, Oct-Dec.
10. Prema C. (2001). *Teaching & Learning: The Culture of pedagogy*, New Delhi: Sage Publication.
11. Srivastava, H.S. (2010).*Curriculum and Methods of Teaching*. Delhi: Shipra

**(D) EVALUATION**

External Examination 70 Marks

Time 3 Hrs

Internal Assessment 30 Marks

Attendance 6

Written Assignment/Project work/Response Sheets 12

Two Mid-term Examinations/ House Test 12

**(E) INSTRUCTIONS FOR THE PAPER-SETTER**

The question paper will consist of three Sections: A, B, and C. Section A and B will have four questions from the respective sections of the syllabus and will carry 12 marks each. Section C will consist of 11 questions of 2 marks each which will cover the entire syllabus uniformly and carry 22 marks in all.

**(F) INSTRUCTIONS FOR THE CANDIDATES**

Candidates are required to attempt two questions each from the sections A and Band the entire section C.



Last updated in January, 2026

ਬੀ. ਐੱਡ.- I ਸਮੈਸਟਰ ਦੂਜਾ

ਪੇਪਰ X

ਪਾਠਕ੍ਰਮ ਦਾ ਵਿਕਾਸ

---

ਪਾਠ ਨੰ. 1.1


ਲੇਖਕ : ਡਾ. ਕੁਲਜੀਤ ਕੌਰ

**Converted into SLM by: Dr. Amita,** ਅਨੁਵਾਦਿਤ : ਯੁਵਰਾਜ ਅਰੋੜਾ


---

## ਪਾਠਕ੍ਰਮ - ਪਾਠਕ੍ਰਮ ਅਤੇ ਸਿਲੇਬਸ : ਧਾਰਨਾ, ਜਰੂਰਤ, ਕਿਸਮਾਂ ਅਤੇ ਮਹੱਤਵ, ਪਾਠਕ੍ਰਮ ਦਾ ਵਿਕੇਂਦਰੀਕਰਨ ਅਤੇ ਕਾਲਪਨਿਕ ਅਭਿਆਸ, ਪਾਠਕ੍ਰਮ ਦੇ ਆਧਾਰ ਅਤੇ ਕੰਮ

**ਪਾਠ ਦਾ ਢਾਂਚਾ**


1.1.1 ਉਦੇਸ਼

1.1.2 ਜਾਣ-ਪਛਾਣ

1.1.3 ਅਰਥ ਅਤੇ ਪਰਿਭਾਸ਼ਾਵਾਂ

1.1.4 ਧਾਰਨਾ

- 1.1.4.1 ਪਾਠਕ੍ਰਮ ਦੀ ਧਾਰਨਾ
- 1.1.4.2 ਪਾਠਕ੍ਰਮ ਦੀਆਂ ਵਿਸ਼ੇਸ਼ਤਾਵਾਂ
- 1.1.4.3 ਪਾਠਕ੍ਰਮ ਦੀ ਮਹੱਤਤਾ ਅਤੇ ਲੋੜ
  - 1.1.4.3.1 ਵਿਦਿਆਰਥੀ ਲਈ ਪਾਠਕ੍ਰਮ ਦੀ ਮਹੱਤਤਾ
  - 1.1.4.3.2 ਅਧਿਆਪਕ ਲਈ ਪਾਠਕ੍ਰਮ ਦੀ ਮਹੱਤਤਾ
- 1.1.4.4 ਪਾਠਕ੍ਰਮ ਅਤੇ ਸਿਲੇਬਸ ਵਿੱਚ ਭਿੰਨਤਾ
- 1.1.4.5 ਪਾਠਕ੍ਰਮ ਦੀਆਂ ਕਿਸਮਾਂ
- 1.1.4.6 ਪਾਠਕ੍ਰਮ ਦੀ ਲੋੜ ਅਤੇ ਮਹੱਤਤਾ
- 1.1.4.7 ਪਾਠਕ੍ਰਮ ਦੇ ਆਧਾਰ ਅਤੇ ਕੰਮ
- 1.1.4.8 ਪ੍ਰਾਠਕ੍ਰਮ ਵਿਕਾਸ ਦਾ ਵਿਕੇਂਦਰੀਕਰਣ
- 1.1.4.9 ਕਾਲਪਨਿਕ ਅਭਿਆਸ

1.1.5 ਲਾਗੂ ਕਰਨਾ

1.1.6 ਸਾਰ

1.1.7 ਕੁੰਜੀ ਧਾਰਨਾਵਾਂ

1.1.8 ਸਵੈ ਮੁਲਾਂਕਣ ਅਭਿਆਸ

1.1.9 ਸੁਝਾਏ ਪ੍ਰਸ਼ਨ

1.1.10 ਸੁਝਾਈ ਗਈਆਂ ਪੜ੍ਹਤਾਂ ਅਤੇ ਵੈਬ ਸਾਧਨ


### 1.1.1 ਉਦੇਸ਼: ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ

- ਪਾਠਕ੍ਰਮ ਦੀ ਪਰਿਭਾਸ਼ਾ ਦੇ ਸਕਣਗੇ।
- ਪਾਠਕ੍ਰਮ ਅਤੇ ਸਿਲੇਬਸ ਵਿਚਕਾਰ ਅੰਤਰ ਦੱਸ ਸਕਣਗੇ।
- ਪਾਠਕ੍ਰਮ ਦੀਆਂ ਕਿਸਮਾਂ ਦੀ ਵਿਆਖਿਆ ਕਰ ਸਕਣਗੇ।
- ਪਾਠਕ੍ਰਮ ਦੀ ਮਹੱਤਤਾ ਅਤੇ ਜ਼ਰੂਰਤ ਨੂੰ ਸਮਝਣਾ।
- ਪਾਠਕ੍ਰਮ ਦੇ ਭਿੰਨ ਭਿੰਨ ਮੁੱਦਿਆਂ ਦਾ ਵਿਸ਼ਲੇਸ਼ਣ ਕਰਨਾ।
- ਪਾਠਕ੍ਰਮ ਦੇ ਵਿਕਾਸ ਦੇ ਵਿਕੇਂਦਰੀਕਰਣ ਦੀ ਪ੍ਰਕ੍ਰਿਆ ਬਾਰੇ ਚਰਚਾ ਕਰ ਸਕਣਗੇ।

### 1.1.2 ਜਾਣ-ਪਛਾਣ

ਪਾਠਕ੍ਰਮ ਦਾ ਅਰਥ ਜੇਕਰ ਪੁਰਾਨੀ ਜਾਂ ਪਰੰਪਰਾਗਤ ਸੰਕਲਪਨਾ ਅਨੁਸਾਰ ਦੇਖਿਆ ਜਾਵੇ ਤਾਂ ਸਾਰਾ ਸਾਲ ਜਮਾਤ ਦੀ ਚਾਰਦੀਵਾਰੀ ਵਿੱਚ ਪੜ੍ਹਾਇਆ ਜਾਂਦਾ ਹੈ ਪਾਠਕ੍ਰਮ ਕਿਹਾ ਜਾਂਦਾ ਹੈ। ਪਰ ਇਹ ਸੰਕਲਪ ਪੁਰਾਣਾ ਹੋ ਚੁੱਕਾ ਹੈ ਅਤੇ ਵਰਤਮਾਨ ਸਮੇਂ ਵਿੱਚ ਇਹ ਲਾਗੂ ਨਹੀਂ ਹੁੰਦਾ। ਆਧੁਨਿਕ ਸਿੱਖਿਅਕ ਸੋਚ ਦੇ ਅਨੁਸਾਰ, ਜੋ ਬੱਚਾ ਜਮਾਤ ਵਿੱਚ ਕੀਤੀ ਕਿਰਿਆਵਾਂ ਤੋਂ, ਪੁਸਤਕ ਘਰ ਵਿੱਚੋਂ, ਪ੍ਰਯੋਗਸ਼ਾਲਾ ਵਿੱਚੋਂ, ਵਿਗਿਆਨ ਸਮੂਹ, ਖੇਲ ਦੇ ਮੈਦਾਨ ਅਤੇ ਅਧਿਆਪਕ ਅਤੇ ਵਿਦਿਆਰਥੀਆਂ ਦੇ ਅਰਸਮੀ ਸੰਪਰਕ ਦੇ ਨਾਲ ਜੋ ਅਨੁਭਵ ਲੈਂਦਾ ਹੈ ਉਹ ਸਭ ਆਧੁਨਿਕ ਪਾਠਕ੍ਰਮ ਆਪਣੇ ਆਪ ਵਿੱਚ ਸ਼ਾਮਲ ਕਰਦਾ ਹੈ।

ਪਾਠਕ੍ਰਮ ਸਾਰੀ ਸਿੱਖਿਅਕ ਕਿਰਿਆ ਦਾ ਅਧਾਰ ਹੈ। ਪਾਠਕ੍ਰਮ ਬਿਨਾ ਅਸੀ ਕੋਈ ਵੀ ਸਿੱਖਿਅਕ ਗਤੀਵਿਧੀ ਨਹੀਂ ਕਰ ਸਕਦੇ। ਸਾਬਦਿਕ ਅਰਥ ਦੇ ਅਧਾਰ ਤੇ ਜੇਕਰ ਪਾਠਕ੍ਰਮ ਦਾ ਅਰਥ ਦੇਖਿਏ ਤਾਂ ਪਾਠਕ੍ਰਮ ਹੈ ਅਰਥ ਹੈ ''ਰਸਤਾ'' ਜੋ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਬਣਾਇਆ ਜਾਂਦਾ ਹੈ। ਇਹ ਅਸਲ ਵਿੱਚ ਕੋਰਸ ਦੇ ਦੌਰਾਨ ਲੈਕਚਰ ਰਾਹੀਂ ਪ੍ਰਦਰਸ਼ਨੀ ਰਾਹੀਂ ਖੇਤਰੀ ਭ੍ਰਮਣਾਂ ਰਾਹੀਂ ਅਤੇ ਵਿਦਿਆਰਥੀਆਂ ਉੱਪਰ ਕੀਤਾ ਜਾਂਦਾ ਹੈ।

ਪਾਠਕ੍ਰਮ ਸਿੱਖਿਆ ਪ੍ਰਣਾਲੀ ਵਿੱਚ ਇੱਕ ਮਹੱਤਵਪੂਰਨ ਤੱਤ ਹੈ। ਸਿੱਖਿਆ ਦਾ ਉਦੇਸ਼ ਪਾਠਕ੍ਰਮ ਵਿੱਚ ਸਾਫ਼ ਝਲਕਦਾ ਹੈ। ਦੂਜੇ ਸ਼ਬਦਾਂ ਵਿੱਚ ਪਾਠਕ੍ਰਮ ਜ਼ਿੰਦਗੀ ਅਤੇ ਸਮਾਜ ਦੇ ਉਦੇਸ਼ਾਂ ਦੁਆਰਾ ਜਾਣਿਆ ਜਾਂਦਾ ਹੈ। ਪਾਠਕ੍ਰਮ ਸ਼ਬਦ ਲੇਟਿਨ ਸ਼ਬਦ "cursere" ਤੋਂ ਨਿਕਲਿਆ ਹੈ ਜਿਸਦਾ ਭਾਵ ''ਦੌੜਨਾ'' ਹੈ। ਇਸ ਤਰ੍ਹਾਂ ਪਾਠਕ੍ਰਮ ਦਾ ਮਤਲਬ ਹੈ, ਜਿਸ ਉੱਤੇ ਮਨੁੱਖ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਦੇ ਲਈ ਦੌੜਦਾ ਹੈ। ਇਸ ਪ੍ਰਕਾਰ ਸਿੱਖਿਆ ਦੀ ਪ੍ਰਕਿਰਿਆ ਨੂੰ ਅਸੀ ਇੱਕ ਦੌੜ ਨਾਲ ਤੁਲਨਾ ਕਰ ਸਕਦੇ ਹਾਂ ਜਿਸ ਵਿੱਚ ਪਾਠਕ੍ਰਮ ਉਹ ਕੋਰਸ ਹੁੰਦਾ ਹੈ ਜਿਸ ਉੱਤੇ ਵਿਦਿਆਰਥੀ ਦੁਆਰਾ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਦੌੜਿਆ ਜਾਂਦਾ ਹੈ। ਜੇਕਰ ਅਧਿਆਪਕ ਇੱਕ ਗਾਈਡ ਹੈ ਤਾਂ ਪਾਠਕ੍ਰਮ ਵਿਚਾਰਾਂ ਅਤੇ ਗਤੀਵਿਧੀਆਂ ਦਾ ਕੁੱਲ ਢਾਂਚਾ ਹੈ।

### 1.1.3 ਪਾਠਕ੍ਰਮ ਦੀਆਂ ਪਰਿਭਾਸ਼ਾਵਾਂ

ਕਨਿੰਘਮ ਦੇ ਅਨੁਸਾਰ, ''ਪਾਠਕ੍ਰਮ ਸੁਟੂਡਿਓ (ਸਕੂਲ) ਵਿੱਚ ਕਲਾਕਾਰ (ਅਧਿਆਪਕ) ਦੇ ਹੱਥਾਂ ਵਿੱਚਲਾ ਸੰਦ ਹੈ ਜਿਸਨੂੰ ਉਹ ਆਪਣੇ ਆਦਰਸ਼ਾਂ (ਉਦੇਸ਼) ਅਨੁਸਾਰ ਆਪਣੀ ਸਾਮਗਰੀ (ਵਿਦਿਆਰਥੀ) ਨੂੰ ਬਦਲਣ ਲਈ ਪ੍ਰਯੋਗ ਕਰਦਾ ਹੈ।


ਕੇਰ ਦੇ ਅਨੁਸਾਰ, ''ਸਾਰੀਆਂ ਸਿੱਖਿਅਣ ਕਿਰਿਆਵਾਂ ਜਿਹੜੀਆਂ ਸਕੂਲ ਦੁਆਰਾ ਯੋਜਨਾਬੱਧ ਅਤੇ ਮਾਰਗਦਰਸ਼ਿਤ ਹੁੰਦੀਆਂ ਹਨ ਭਾਵੇਂ ਉਹ ਸਮੂਹ ਉੱਤੇ ਜਾਂ ਵਿਅਕਤੀਗਤ ਰੂਪ ਤੇ ਲਾਗੂ ਹੁੰਦੇ ਹਨ, ਇਹ ਸਕੂਲ ਦੇ ਅੰਦਰ ਜਾਂ ਬਾਹਰ ਹੁੰਦੇ ਹਨ।''

ਕਰੋ ਅਤੇ ਕਰੋ ਦੇ ਅਨੁਸਾਰ, ''ਪਾਠਕ੍ਰਮ ਵਿੱਚ ਸਕੂਲ ਦੇ ਅੰਦਰਲੇ ਅਤੇ ਬਾਹਰਲੇ ਵਿਦਿਆਰਥੀਆਂ ਦੇ ਤਜ਼ਰਬੇ ਸ਼ਾਮਲ ਹੁੰਦੇ ਹਨ ਜਿਹੜੇ ਉਸਦਾ ਬੋਧਿਕ, ਸ਼ਰੀਰਿਕ ਭਾਵਨਾਤਮਕ, ਸਮਾਜਿਕ, ਅਧਿਆਤਮਿਕ ਅਤੇ ਨੈਤਿਕ ਵਿਕਾਸ ਕਰਨ ਵਿੱਚ ਮਦਦ ਕਰਦੇ ਹਨ।''

### 1.1.4 ਧਾਰਨਾ

#### 1.1.4.1 ਪਾਠਕ੍ਰਮ ਦੀ ਧਾਰਨਾ

ਪਾਠਕ੍ਰਮ ਦਾ ਸਰੂਪ ਬਹੁਤ ਲਚਕੀਲਾ ਹੈ। ਛੋਟੀ ਧਾਰਨਾ ਦੇ ਅਧਾਰ ਤੇ ਪਾਠਕ੍ਰਮ ਕੇਵਲ ਛੋਟੇ ਜਿਹੇ ਵਿਸ਼ੇ ਦੇ ਰੂਪ ਵਿੱਚ ਸਕੂਲ ਵਿੱਚ ਪੜ੍ਹਾਈ ਜਾਣ ਵਾਲੀ ਸੂਚੀ ਸੀ। ਪਰ ਹੁਣ ਆਧੁਨਿਕ ਧਾਰਨਾ ਦੇ ਅਧਾਰ ਤੇ ਪਾਠਕ੍ਰਮ ਇੱਕ ਵਿਅਕਤੀ ਦੇ ਸਾਰੇ ਅਨੁਭਵ ਸ਼ਾਮਿਲ ਕਰਦਾ ਹੈ। ਪਾਠਕ੍ਰਮ ਇੱਕ ਵਿਦਿਆਰਥੀ ਦੇ ਇਕੱਲੇ ਸਕੂਲ ਵਿੱਚ ਹੀ ਨਹੀਂ ਸਕੂਲ ਦੇ ਬਾਹਰ ਦੇ ਅਨੁਭਵ ਵੀ ਇਹ ਸ਼ਾਮਲ ਕਰਦਾ ਹੈ।




ਪਾਠਕ੍ਰਮ ਵਿੱਚ ਪੜ੍ਹਾਈ ਦਾ ਕੋਰਸ, ਪੜ੍ਹਾਉਣ ਦੀਆਂ ਵਿਧੀਆਂ ਅਤੇ ਪਾਠ ਸਹਾਇਕ ਕਿਰਿਆਵਾਂ ਸ਼ਾਮਲ ਹੁੰਦੀਆਂ ਹਨ।

*1.1.4.2 ਪਾਠਕ੍ਰਮ ਦੀਆਂ ਵਿਸ਼ੇਸ਼ਤਾਵਾਂ*

1. ***ਪਾਠਕ੍ਰਮ ਅਤੇ ਅਨੁਭਵ*** *: ਪਾਠਕ੍ਰਮ ਦਾ ਮਤਲਬ ਕੇਵਲ ਵਿਸ਼ਿਆਂ ਦਾ ਇਕੱਠ ਹੀ ਨਹੀਂ। ਇਹ ਤਾਂ ਅਨੁਭਵਾਂ ਦੀ ਇੱਕ ਲੜੀ ਹੈ ਜੋ ਜਿਆਦਾ ਅਨੁਭਵੀ ਵਿਅਕਤੀਆਂ ਵੱਲੋਂ ਘੱਟ ਅਨੁਭਵੀ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ। ਅਨੁਭਵੀ ਵਿਅਕਤੀ ਅਧਿਆਪਕ ਹੁੰਦੇ ਹਨ ਜੋ ਆਪਣੇ ਵਿਦਿਆਰਥੀਆਂ ਨੂੰ ਅਨੁਭਵੀ ਬਨਾਉਂਦੇ ਹਨ। ਵਿਸ਼ੇਸ਼ ਢੰਗ ਨਾਲ ਦਿੱਤੇ ਗਏ ਅਨੁਭਵ ਵਿਅਕਤੀ ਨੂੰ ਢੰਗ ਨਾਲ ਕੰਮ ਕਰਨ ਵਾਲਾ ਬਨਾਉਂਦੇ ਹਨ।*
2. ***ਪਾਠਕ੍ਰਮ ਦਾ ਅਰਥ ਹੈ ਇੱਕ ਅੰਤ ਹਾਸਲ ਕਰਨਾ*** *: ਪਾਠਕ੍ਰਮ ਦਾ ਅਰਥ ਹੈ, ਇੱਕ ਅੰਤ ਆਪਣੇ ਆਪ ਵਿੱਚ ਕੋਈ ਅੰਤ ਨਹੀਂ। ਦਰਸ਼ਨ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕਰਦਾ ਹੈ। ਪਾਠਕ੍ਰਮ ਦੇ ਨਾਲ ਉਹ ਅੰਤ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੋਕਾਂ ਦੀ ਦਾਰਸ਼ਨਿਕ ਸੋਚ ਸਮੇਂ ਦੇ ਨਾਲ ਬਦਲਦੀ ਰਹਿੰਦੀ ਹੈ, ਇਸ ਲਈ ਸਿੱਖਿਆ ਦੇ ਉਦੇਸ਼ ਵੀ ਸਮੇਂ ਨਾਲ ਬਦਲਦੇ ਰਹਿੰਦੇ ਹਨ। ਇਸ ਲਈ ਪਾਠਕ੍ਰਮ ਵੀ ਉਦੇਸ਼ਾਂ ਅਨੁਸਾਰ ਬਣਾਇਆ ਜਾਂਦਾ ਹੈ। ਹਰ ਪੱਖ ਵਿੱਚ ਪਾਠਕ੍ਰਮ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਮੁੱਖ ਕੰਮ ਕਰਦਾ ਹੈ। ਇਹ ਆਪਣੇ ਆਪ ਵਿੱਚ ਅੰਤ ਜਾਂ ਖਤਮ ਨਹੀਂ ਹੁੰਦਾ।*
3. ***ਪਾਠਕ੍ਰਮ ਸਕੂਲ ਦੇ ਸਾਰੇ ਕੰਮ ਕਰਨ ਦੀ ਕਿਰਿਆ ਹੈ*** *:ਪਾਠਕ੍ਰਮ ਕੇਵਲ ਵਿਸ਼ਿਆਂ ਨਾਲ ਸੰਬੰਧਿਤ ਹੀ ਨਹੀਂ ਇਹ ਹੋਰ ਪ੍ਰਕਿਰਿਆਵਾਂ ਨਾਲ ਵੀ ਸੰਬੰਧਿਤ ਹੈ ਜੋ ਸਕੂਲ ਵਿੱਚ ਹੁੰਦੀਆਂ ਹਨ। ਭਿੰਨ-ਭਿੰਨ ਕਿਰਿਆਵਾਂ, ਵਾਦ-ਵਿਵਾਦ, ਭਾਸ਼ਨ, ਕਵਿਤਾ ਪਾਠ ਆਦ ਜੋ ਕੁੱਝ ਵੀ ਬੱਚੇ ਦੇ ਵਿਅਕਤੀਤਵ ਨੂੰ ਪ੍ਰਭਾਵਿਤ ਕਰਦਾ ਹੈ ਪਾਠਕ੍ਰਮ ਦਾ ਇੱਕ ਹਿੱਸਾ ਹੈ। ਥੋੜ੍ਹੇ ਸ਼ਬਦਾਂ ਵਿੱਚ ਜੇਕਰ ਅਸੀਂ ਕਹੀਏ ਜਿੰਨੀਆਂ ਹੀ ਕਿਰਿਆਵਾਂ ਵਿਅਕਤੀਤਵ ਵਿੱਚ ਨਿਖਾਰ ਲਿਆਉਣ ਵਾਲੀਆਂ ਹੁੰਦੀਆਂ ਹਨ ਜੋ ਬੱਚਾ ਜਮਾਤ ਵਿੱਚ ਜਾਂ ਜਮਾਤ ਦੇ ਬਾਹਰ ਕਰਦਾ ਹੈ ਉਹ ਸਭ ਪਾਠਕ੍ਰਮ ਵਿੱਚ ਸ਼ਾਮਲ ਹੁੰਦੀਆਂ ਹਨ।*
4. ***ਪਾਠਕ੍ਰਮ ਆਧੁਨਿਕ ਸਿੱਖਿਅਕ ਤੱਥਾਂ ਨੂੰ ਦਰਸਾਉਂਦਾ ਹੈ*** *: ਸਿੱਖਿਆ ਪ੍ਰਣਾਲੀ ਵਿੱਚ ਪਾਠਕ੍ਰਮ ਉਸਦੀ ਯੋਜਨਾਵਾਂ ਦਾ ਹਰ ਪਹਿਲੂ ਦਰਸਾਉਂਦਾ ਹੈ। ਸਿੱਖਿਆ ਪ੍ਰਣਾਲੀ ਦੇ ਪਿੱਛੇ ਮੁੱਖ ਉਦੇਸ਼ ਹੈ ਜੋ ਉਸਦੇ ਅਨੁਭਵਾਂ ਤੇ ਪ੍ਰਕਾਸ਼ ਪਾਂਦਾ ਹੈ, ਜਾਂ ਹਰ ਵਿਸ਼ੇ ਵਿੱਚ ਵਿਸਤਾਰ ਨਾਲ ਦਿੱਤਾ ਜਾਂਦਾ ਹੈ, ਪੜ੍ਹਾਉਣ ਦੇ ਸਤਰ ਅਤੇ ਪੜ੍ਹਨ ਦੇ ਸਤਰ, ਇਹ ਸਭ ਪਾਠਕ੍ਰਮ ਵਿੱਚ ਦਿਸਦੇ ਹਨ। ਇਸ ਤਰ੍ਹਾਂ ਪਾਠਕ੍ਰਮ ਕਿਸੀ ਵੀ ਸੰਸਥਾ ਦੇ ਅੰਦਰੂਨੀ ਜਾਂ ਵਿਸਤਰਿਤ ਭਾਗ ਨੂੰ ਦਰਸਾਉਂਦਾ ਹੈ।*
5. ***ਪਾਠਕ੍ਰਮ ਜੀਵਨ ਦਾ ਦਰਸ਼ਨ ਦਿਖਾਉਂਦਾ ਹੈ*** *: ਜੀਵਨ ਦਾ ਦਰਸ਼ਨ ਸਮੇਂ ਦੇ ਨਾਲ ਨਾਲ ਬਦਲਦਾ ਰਹਿੰਦਾ ਹੈ। ਇਹ ਦਰਸ਼ਨ ਹੀ ਹੈ ਜਿਸ ਨਾਲ ਸਿੱਖਿਆ ਦੇ ਉਦੇਸ਼ ਨਿਰਧਾਰਿਤ ਕੀਤੇ ਜਾਂਦੇ ਹਨ। ਸਿੱਖਿਆ ਜੀਵਨ ਜੀਣ ਦੇ ਉਚੇਰੇ ਸਤਰ ਅਤੇ ਵੱਧ ਦਾਰਸ਼ਨਿਕਤਾ ਵਿੱਚ ਸਹਾਇਤਾ ਕਰਦੀ ਹੈ। ਅਸਲ ਵਿੱਚ ਸਿੱਖਿਆ ਇੱਕ ਔਜਾਰ ਹੈ ਜਿਸ ਨਾਲ ਸਕੂਲ ਵਿੱਚ ਵਧੀਆ ਵਾਤਾਵਰਨ ਬਣਾਇਆ ਜਾ ਸਕੇ। ਸਿੱਖਿਆ ਸਕੂਲ ਵਿੱਚ ਬਹੁਤ ਤਰ੍ਹਾਂ ਦੀ ਕਿਰਿਆਵਾਂ ਵਿੱਚ ਚਲਦੀ ਰਹਿੰਦੀ ਹੈ।*
6. ***ਪਾਠਕ੍ਰਮ ਗਤੀਸ਼ੀਲ ਹੈ*** *: ਇੱਕ ਚੰਗਾ ਪਾਠਕ੍ਰਮ ਗਤੀਸ਼ੀਲ ਹੁੰਦਾ ਹੈ। ਇਹ ਹਮੇਸ਼ਾ ਹੀ ਬਣਦਾ ਰਹਿੰਦਾ ਹੈ। ਅਧਿਆਪਕ ਪ੍ਰਬੰਧਨ ਅਤੇ ਬੱਚੇ ਹਮੇਸ਼ਾ ਹੀ ਪਾਠਕ੍ਰਮ ਬਨਾਉਣ ਦੀ ਕਿਰਿਆ ਵਿੱਚ ਲੱਗੇ ਰਹਿੰਦੇ ਹਨ। ਜਰੂਰਤ ਅਤੇ ਲੋੜਾਂ ਹਮੇਸ਼ਾ ਹੀ ਸਮੇਂ ਦੇ ਨਾਲ ਬਦਲਦੀਆਂ ਰਹਿੰਦੀਆਂ ਹਨ ਇਸ ਲਈ ਇਹ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਹੀ ਪਾਠਕ੍ਰਮ ਦੀ ਮੰਗ ਕਰਦਾ ਹੈ। ਕੋਈ ਵੀ ਸਮਾਂ ਜਾਂ ਪੜ੍ਹਾਅ ਐਸਾ ਨਹੀਂ ਜਿਥੇ ਪਾਠਕ੍ਰਮ ਨਾਂ ਬਦਲੇ। ਪਾਠਕ੍ਰਮ ਹਮੇਸ਼ਾ ਹੀ ਗਤੀਸ਼ੀਲ ਰਹਿੰਦਾ ਹੈ।*
7. ***ਪਾਠਕ੍ਰਮ ਜਿਉਣ ਦੀ ਪ੍ਰਕਿਰਿਆ ਵਾਂਗ*** *: ਹਰ ਇੱਕ ਪਾਠਕ੍ਰਮ ਦੇ ਮੁੱਖ ਦੋ ਤੱਤ ਹਨ। ਇਹ ਸਾਰੇ ਸਿੱਖਿਅਣ ਅਨੁਭਵਾਂ ਦਾ ਇੱਕ ਜੋੜ੍ਹ ਹੈ। ਸੰਰਚਨਾ ਇਹਨਾਂ ਸਾਰਿਆਂ ਅਨੁਭਵਾਂ ਨੂੰ ਤਰਤੀਬ ਅਨੁਸਾਰ ਬਨਾਉਂਦੀ ਹੈ। ਪਾਠਕ੍ਰਮ ਵਿੱਚ ਦੋਨੋਂ ਹੀ ਤੱਤ ਮਹੱਤਵਪੂਰਨ ਹਨ। ਪਾਠਕ੍ਰਮ ਜਿੰਦਗੀ ਦੀ ਇੱਕ ਪ੍ਰਕਿਰਿਆ ਹੈ। ਇਹ ਸਥਾਈ ਤੋਂ ਗਤੀਸ਼ੀਲ ਵੱਲ ਬਦਲ ਚੁੱਕਾ ਹੈ। ਵਿਅਕਤੀ ਦਾ ਉਸਦੇ ਆਲੇ-ਦੁਆਲੇ ਤੇ ਅਤੇ ਉਸਦੇ ਆਲੇ-ਦੁਆਲੇ ਤੇ ਉਸ ਵਿਅਕਤੀ ਦਾ ਪ੍ਰਭਾਵ ਪੈਂਦਾ ਹੈ। ਪਰ ਵਿਅਕਤੀ ਤੇ ਵਾਤਾਵਰਨ ਸਮੇਂ ਦੇ ਨਾਲ ਨਾਲ ਬਦਲਦਾ ਰਹਿੰਦਾ ਹੈ। ਵਿਕਾਸ ਅਤੇ ਵਾਧੇ ਦੇ ਪੜ੍ਹਾਅ ਤੇ ਸਾਨੂੰ ਭਿੰਨ ਭਿੰਨ ਪਾਠਕ੍ਰਮ ਦੀ ਲੋੜ੍ਹ ਪੈਂਦੀ ਹੈ।*
8. ***ਅਗਵਾਈ-ਪਾਠਕ੍ਰਮ ਦਾ ਮਹੱਤਵਪੂਰਨ ਅੰਗ*** *: ਚੰਗਾ ਪਾਠਕ੍ਰਮ ਬੱਚੇ ਦੀ ਕੇਵਲ ਵਰਤਮਾਨ ਸਮੱਸਿਆ ਦਾ ਹਲ ਹੀ ਨਹੀਂ ਕਰਦਾ। ਇਹ ਉਸਨੂੰ ਪੂਰਨ ਸਲਾਹ ਉਸਦੀ ਲੋੜ੍ਹ ਅਨੁਸਾਰ ਦਿੰਦਾ ਹੈ। ਇਹ ਉਸਨੂੰ ਸਿੱਖਿਅਕ ਕੋਰਸ ਚੁਨਣ ਲਈ ਦਿਸ਼ਾ ਨਿਰਦੇਸ਼ ਕਰਦਾ ਹੈ। ਇਹ ਉਸਨੂੰ ਕੀਤਾਕਾਰੀ ਕੰਮ ਕਰਨ ਵਿੱਚ ਵੀ ਦਿਸ਼ਾ ਨਿਰਦੇਸ਼ ਕਰਦਾ ਹੈ ਤਾਂ ਕਿ ਭਵਿੱਖ ਵਿੱਚ ਉਸਨੂੰ ਆਪਣੇ ਕਰਿਅਰ ਦੇ ਤੌਰ ਤੇ ਅਪਣਾ ਸਕੇ।*
9. ***ਵਿਅਕਤੀਗਤਤਾ ਪਾਠਕ੍ਰਮ ਦੀ ਵਿਸ਼ੇਸ਼ਤਾ ਦੇ ਰੂਪ ਵਿੱਚ*** *: ਇੱਕ ਚੰਗਾ ਪਾਠਕ੍ਰਮ ਵਿਅਕਤੀ ਦੀ ਲੋੜ੍ਹ ਅਨੁਸਾਰ ਹੁੰਦਾ ਹੈ। ਕਿਸੀ ਸਮਾਂ ਸਮਾਜਿਕ ਲੋੜਾਂ ਨੂੰ ਵੀ ਨਜਰਅੰਦਾਜ਼ ਨਹੀਂ ਕੀਤਾ ਜਾ ਸਕਦਾ।* U.S.A *ਵਿੱਚ ਪਾਠਕ੍ਰਮ ਸਮਾਜਿਕ ਲੋੜਾਂ ਤੋਂ ਵੱਧ*

ਵਿਅਕਤੀਗਤ ਲੋੜ੍ਹਾਂ ਦੇ ਉੱਤੇ ਜ਼ਿਆਦਾ ਜੋਰ ਦਿੰਦਾ ਹੈ। ਵਿਅਕਤੀਗਤ ਲੋੜ੍ਹਾਂ ਨੂੰ ਬਿਆਨ ਵਿੱਚ ਰਖਣਾ ਪਾਠਕ੍ਰਮ ਦਾ ਮੁੱਖ ਕਾਰਜ ਹੈ। U.K. ਵਿੱਚ ਪਾਠਕ੍ਰਮ ਵਿਅਕਤੀਗਤ ਅਤੇ ਸਮਾਜਿਕ ਦੋਨੋ ਲੋੜ੍ਹਾਂ ਨੂੰ ਧਿਆਨ ਵਿੱਚ ਰੱਖਦਾ ਹੈ।

10. **ਸਮਾਜ ਅਤੇ ਸਕੂਲ ਤਾਂ ਪਾਠਕ੍ਰਮ** : ਸਮਾਜ ਅਤੇ ਪਾਠਕ੍ਰਮ ਇੱਕ ਦੂਜੇ ਤੇ ਅਧਾਰਿਤ ਅਤੇ ਇੱਕ ਦੂਜੇ ਨਾਲ ਸੰਬੰਧਿਤ ਹੈ। ਇਕੱਲਾ ਪਾਠਕ੍ਰਮ ਹੀ ਸੰਭਵ ਨਹੀਂ ਹੈ। ਅਸਲੀਅਤ ਵਿੱਚ ਇਹ ਸਮਾਜ ਨਾਲ ਸੰਬੰਧਤ ਹੈ। ਕਿਉਂਕਿ ਸਮਾਜ ਅਤੇ ਸਕੂਲ ਇੱਕ ਦੂਜੇ ਨਾਲ ਸੰਬੰਧਤ ਹੈ। ਜੇਕਰ ਸਮਾਜ ਤਕਨੀਕੀ ਸਮਰਥਤਾ ਚਾਹੁੰਦਾ ਹੈ ਤਾਂ ਸੰਸਥਾਵਾਂ ਵਿੱਚ ਤਕਨੀਕੀ ਵਿਸ਼ੇ ਹੀ ਪੜ੍ਹਾਏ ਜਾਂਦੇ ਹਨ।

### 1.1.4.3 ਪਾਠਕ੍ਰਮ ਦੀ ਮਹੱਤਤਾ ਅਤੇ ਲੋੜ

ਪਾਠਕ੍ਰਮ ਸਿੱਖਿਆ ਪ੍ਰਕਿਰਿਆ ਦਾ ਦਿਲ ਅਤੇ ਆਤਮਾ ਹੈ। ਸਿੱਖਿਆ ਅਰਜਨ ਕਰਨ ਦਾ ਮੂਲ ਸਥਾਨ ਸਕੂਲ ਹੀ ਹੈ। ਇਹ ਸਕੂਲ ਹੀ ਇੱਕ ਰਸਤਾ ਹੈ ਜਿੱਥੇ ਸਿੱਖਿਆ ਪ੍ਰਕਿਰਿਆ ਦੀ ਗੱਡੀ ਚਲਦੀ ਹੈ। ਪਾਠਕ੍ਰਮ ਬਿਨਾਂ ਸਿੱਖਿਅਣ ਦੀ ਪ੍ਰਕਿਰਿਆ ਅਸੰਭਵ ਹੈ। ਪਾਠਕ੍ਰਮ ਨੂੰ ਬਹੁਤ ਲਚਕੀਲਾ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਲੋੜਾਂ ਪੂਰੀ ਹੋਣਗੀਆਂ।

#### 1.1.4.3.1 ਵਿਦਿਆਰਥੀ ਲਈ ਪਾਠਕ੍ਰਮ ਦੀ ਮਹੱਤਤਾ

ਪਾਠਕ੍ਰਮ ਕੇਵਲ ਸਕੂਲ ਜਾਂ ਅਧਿਆਪਕ ਲਈ ਹੀ ਨਹੀਂ, ਵਿਦਿਆਰਥੀ ਲਈ ਵੀ ਮਹੱਤਵਪੂਰਨ ਹੈ। ਅਸਲ ਵਿੱਚ ਵਿਦਿਆਰਥੀ ਹੀ ਪਾਠਕ੍ਰਮ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।

- ਬੱਚੇ ਅਤੇ ਮਾਤਾ ਪਿਤਾ ਦੋਨੋਂ ਹੀ ਪਹਿਲਾਂ ਤੋਂ ਪਾਠਕ੍ਰਮ ਬਾਰੇ ਜਾਨਣਾ ਚਾਹੁੰਦੇ ਹਨ। ਕਾਫ਼ੀ ਮਾਤਾ-ਪਿਤਾ ਸਕੂਲ ਦੀ ਚੋਣ ਵੀ ਪਾਠਕ੍ਰਮ ਦੇ ਅਧਾਰ ਤੇ ਕਰਦੇ ਹਨ।
- ਕੋਈ ਹੋਰ ਪ੍ਰਤਿਯੋਗਿਤਾ ਦੀ ਤਿਆਰੀ ਕਰਦੇ ਸਮੇਂ ਕਾਫ਼ੀ ਬੱਚੇ ਆਪ ਹੀ ਪੜ੍ਹਦੇ ਹਨ ਜਾਂ ਉਹਨਾਂ ਦੇ ਮਾਤਾ ਪਿਤਾ ਉਹਨਾਂ ਨੂੰ ਪੜ੍ਹਾਉਣ ਵਿੱਚ ਮਦਦ ਕਰਦੇ ਹਨ। ਤਾਂ ਹੀ ਉਹ ਪਹਿਲਾਂ ਹੀ ਪਾਠਕ੍ਰਮ ਦੇਖਣਾ ਚਾਹੁੰਦੇ ਹਨ।
- ਪਾਠਕ੍ਰਮ ਦੀ ਮਦਦ ਨਾਲ ਬੱਚੇ ਅਤੇ ਮਾਤਾ ਪਿਤਾ ਸਹੀ ਰਾਹ ਤੇ ਚਲਦੇ ਹਨ ਅਤੇ ਜਮਾਤ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ੇ ਪਹਿਲਾਂ ਹੀ ਬੱਚਿਆਂ ਨੂੰ ਕਰਵਾ ਦਿੰਦੇ ਹਨ।

#### 1.1.4.3.2 ਅਧਿਆਪਕ ਲਈ ਪਾਠਕ੍ਰਮ ਦੀ ਮਹੱਤਤਾ

- ਪਾਠਕ੍ਰਮ ਦੇ ਨਾਲ ਅਧਿਆਪਕ ਨੂੰ ਕਿਰਿਆ ਦੇ ਉਦੇਸ਼ ਪਤਾ ਹੋਣਗੇ ਅਤੇ ਉਸਨੂੰ ਪਹਿਲਾਂ ਹੀ ਪਤਾ ਚਲ ਜਾਂਦਾ ਹੈ ਕਿ ਉਸਨੇ ਕਿਵੇਂ ਅਤੇ ਕੀ ਪਾਠ ਪੜ੍ਹਾਉਣਾ ਹੈ। ਤਾਂ ਉਹ ਪਾਠਕ੍ਰਮ ਅਨੁਸਾਰ ਕੰਮ ਕਰੇਗਾ।
- ਅਧਿਆਪਕ ਪਾਠ ਪੜ੍ਹਾਉਣ ਦਾ ਢੰਗ ਅਤੇ ਯੋਜਨਾ ਬਨਾਉਣ ਯੋਗ ਹੋ ਜਾਂਦਾ ਹੈ।
- ਅਧਿਆਪਕ ਦਾ ਯੋਜਨਾਬੱਧ ਤਰੀਕੇ ਨਾਲ ਕੰਮ ਕਰਨਾ ਬੱਚੇ ਦੇ ਮਾਤਾ-ਪਿਤਾ ਅਤੇ ਪ੍ਰਬੰਧਨ ਨੂੰ ਸੰਤੋਖ ਦਿਆ ਕਰੂ।

### 1.1.4.4 ਪਾਠਕ੍ਰਮ ਅਤੇ ਸਿਲੇਬਸ ਵਿੱਚ ਭਿੰਨਤਾ

#### 1.1.4.4.1 ਪਾਠਕ੍ਰਮ ਅਤੇ ਸਿਲੇਬਸ

ਪਾਠਕ੍ਰਮ ਅਤੇ ਸਿਲੇਬਸ ਹਰ ਸਕੂਲ ਵਿੱਚ ਮੁੱਖ ਕਾਰਕ ਹਨ। ਪਾਠਕ੍ਰਮ ਸਕੂਲ ਦੇ ਅਧਿਆਪਕਾਂ ਲਈ ਇੱਕ ਦਿਸ਼ਾ ਨਿਰਦੇਸ਼ ਦਾ ਕੰਮ ਕਰਦਾ ਹੈ ਕਿ ਵਿਦਿਆਰਥੀਆਂ ਨੂੰ ਕੀ ਸਿਖਾਣਾ ਹੈ। ਇਹ ਦੱਸਦਾ ਹੈ ਕਿ ਕਿਹੜੇ ਵਿਸ਼ੇ ਪੜ੍ਹਾਉਣ ਦੀ ਜਰੂਰਤ ਹੈ ਅਤੇ ਇਹ ਵਿਸ਼ੇ ਨੂੰ ਪੜ੍ਹਾਉਣ ਦੇ ਤਰੀਕੇ ਦੱਸਦਾ ਹੈ ਅਤੇ ਇਸ ਗੱਲ ਦਾ ਵੀ ਧਿਆਨ ਰਖਦਾ ਹੈ ਕਿ ਬੱਚਾ ਜਰੂਰੀ ਗਿਆਨ ਨੂੰ ਸਿੱਖੇ ਅਤੇ ਪੜ੍ਹੇ। ਦੂਜੇ ਪਾਸੇ ਸਿਲੇਬਸ ਜਮਾਤ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ੇ ਦੀ ਇੱਕ ਸੂਚੀ ਤਿਆਰ ਕਰਦਾ ਹੈ ਜੋ ਜਮਾਤ ਵਿੱਚ ਪੜ੍ਹਾਏ ਜਾਂਦੇ ਹਨ।

ਪਾਠਕ੍ਰਮ ਨੂੰ ਕਦੇ-ਕਦੇ ਸਲੇਬਸ ਵੀ ਮੰਨ ਲਿਆ ਜਾਂਦਾ ਹੈ ਪਰ ਇਹ ਨਹੀ ਹੈ। ਦੋਨੋਂ ਹੀ ਇੱਕ ਦੂਜੇ ਤੋਂ ਭਿੰਨ ਹਨ।

| ਸਲੇਬਸ | ਪਾਠਕ੍ਰਮ |
|---|---|
| 1. ਇਹ ਕੇਵਲ ਵਿਸ਼ੇ ਤੇ ਅਧਾਰਿਤ ਹੁੰਦਾ ਹੈ, ਜੋ ਅਧਿਆਪਕ ਨੇ ਜਮਾਤ ਵਿੱਚ ਪੜ੍ਹਾਉਣਾ ਹੁੰਦਾ ਹੈ। | 1. ਇਹ ਸਿੱਖਿਆ ਅਤੇ ਪ੍ਰਕਿਰਿਆ ਵਿੱਚ ਸ਼ਾਮਲ ਸਾਰੀ ਕਿਰਿਆਵਾਂ ਨੂੰ ਸ਼ਾਮਲ ਕਰਦਾ ਹੈ। |

| | | | |
|---|---|---|---|
| 2. | ਸਲੇਬਸ ਬੱਚੇ ਦੀ ਗਿਆਨਾਤਮਕ ਵਿਕਾਸ ਤੇ ਆਧਾਰਤ ਹੁੰਦਾ ਹੈ। | 2. | ਪਾਠਕ੍ਰਮ ਬੱਚੇ ਦੇ ਸਰਵ-ਪੱਖੀ ਵਿਕਾਸ ਤੇ ਅਧਾਰਿਤ ਹੁੰਦਾ ਹੈ। |
| 3. | ਸਲੇਬਸ ਦੀ ਧਾਰਨਾ ਤੰਗ ਹੈ। | 3. | ਪਾਠਕ੍ਰਮ ਦੀ ਧਾਰਨਾ ਚੋੜ੍ਹੀ ਹੈ। |
| 4. | ਇਹ ਰੱਟੇ ਦੀ ਪ੍ਰਵ੍ਰਿਤੀ ਨੂੰ ਵਧਾਉਂਦੀ ਹੈ। | 4. | ਇਹ ਰੱਟੇ ਦੀ ਪ੍ਰਵ੍ਰਿਤੀ ਨੂੰ ਨਹੀਂ ਵਧਾਉਂਦਾ। |
| 5. | ਸਲੇਬਸ ਬੱਚੇ ਦੇ ਸੁਭਾਅ ਵਿੱਚ ਕੋਈ ਬਦਲਾਅ ਨਹੀਂ ਲਿਆਂਦਾ। | 5. | ਪਾਠਕ੍ਰਮ ਬੱਚੇ ਦੇ ਸੁਭਾਅ ਵਿੱਚ ਭਿੰਨ ਭਿੰਨ ਬਦਲਾਅ ਲਿਆਂਦਾ ਹੈ। |
| 6. | ਇਹ ਸਿੱਖਿਅਣ-ਅਧਿਆਪਣ ਦੇ ਢੰਗਾਂ ਤੇ ਚਰਚਾ ਨਹੀਂ ਕਰਦਾ। | 6. | ਇਹ ਸਿੱਖਿਅਣ-ਅਧਿਆਪਣ ਦੇ ਭਿੰਨ-ਭਿੰਨ ਢੰਗਾਂ ਉੱਤੇ ਚਰਚਾ ਕਰਦਾ ਹੈ। |
| 7. | ਇਹ ਪੁਸਤਕ-ਗਿਆਨ ਅਤੇ ਲਿਖਿਤ ਢੰਗ ਹੈ। | 7. | ਇਹ ਪ੍ਰਕਿਰਤੀ ਪ੍ਰੈਕਟਿਕਲ ਹੈ। |
| 8. | ਇਹ ਵਿਸ਼ੇ ਤੇ ਕੇਂਦਰਿਤ ਹੈ। | 8. | ਇਹ ਅਨੁਭਵ ਤੇ ਕੇਂਦਰਿਤ ਹੈ। |
| 9. | ਇਹ ਕੇਵਲ ਵਿਸ਼ੇ ਦੀ, ਉਸਦੇ ਪਾਠਾਂ ਦੀ, ਭਿੰਨ ਭਿੰਨ ਵਿਸ਼ਿਆਂ ਦੀ ਸੂਚੀ ਹੈ। | 9. | ਇਹ ਸਾਰੇ ਸਿੱਖਅਣ ਅਨੁਭਵਾਂ ਦਾ ਸਮੂਹ ਹੈ। |
| 10. | ਸਲੇਬਸ ਦੀ ਸੰਰਚਨਾ ਸਿੱਖਿਆ ਦੇ ਗਿਆਨਾਤਮਕ ਉਦੇਸ਼ਾਂ ਦੀ ਪੂਰਤੀ ਕਰਨ ਲਈ ਕੀਤੀ ਗਈ ਹੈ। | 10. | ਪਾਠਕ੍ਰਮ ਦੀ ਸੰਰਚਨਾ ਸਿੱਖਿਆ ਤੇ ਗਿਆਨਾਤਮਕ, ਭਾਵਾਤਮਕ, ਸਾਇਕੋਮੋਟਰ ਉਦੇਸ਼ਾਂ ਦੀ ਪੂਰਤੀ ਲਈ ਕੀਤੀ ਗਈ ਹੈ। |

*1.1.4.5 ਪਾਠਕ੍ਰਮ ਦੀਆਂ ਕਿਸਮਾਂ*

ਪਾਠਕ੍ਰਮ ਦੀਆਂ ਕਈ ਕਿਸਮਾਂ ਹਨ। ਇਹਨਾਂ ਵਿੱਚ ਕੁਝ ਕਿਸਮਾਂ ਹੇਠ ਦਿੱਤੇ ਅਨੁਸਾਰ ਹਨ :

1. **ਵਿਸ਼ਾ ਕੇਂਦਰਿਤ ਪਾਠਕ੍ਰਮ :** ਵਿਸ਼ਾ ਕੇਂਦਰਿਤ ਪਾਠਕ੍ਰਮ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਡਿਜ਼ਾਇਨ ਹੈ। ਇਹ ਸਭ ਤੋਂ ਪੁਰਾਣੀ ਕਿਸਮ ਹੈ। ਇਹ ਪਾਠਕ੍ਰਮ ਪੁਰਾਤਨ ਸਮੇਂ ਜਿਵੇਂ ਮੱਧਕਾਲੀਨ ਯੁੱਗ ਵਿੱਚ ਵੀ ਵਰਤਿਆ ਜਾਂਦਾ ਸੀ। ਇਸ ਪਾਠਕ੍ਰਮ ਵਿੱਚ ਵੱਡੀ ਗਿਣਤੀ ਵਿੱਚ ਵਿਸ਼ੇ ਹੁੰਦੇ ਸਨ। ਅਜੋਕੇ ਸਮੇਂ ਵਿੱਚ ਅਲਜਬਰਾ, ਤਿਕੋਨਾਮਿਤੀ, ਭੋਤਿਕ ਵਿਗਿਆਨ, ਰਸਾਇਣਿਕ ਵਿਗਿਆਨ ਆਦਿ ਵਿਸ਼ੇ ਸ਼ਾਮਲ ਹਨ। ਅਨੇਕਾਂ ਸਦੀਆਂ ਬਾਅਦ ਵੀ ਵਿਸ਼ਾ ਕੇਂਦਰਿਤ ਪਾਠਕ੍ਰਮ ਉਨਾ ਹੀ ਪ੍ਰਚਲਿਤ ਹੈ।

ਵਿਸ਼ਾ ਕੇਂਦਰਿਤ ਪਾਠਕ੍ਰਮ ਵਿੱਚ ਹਰੇਕ ਵਿਸ਼ੇ ਨੂੰ ਇੱਕ ਯੂਨਿਟ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਦੇ ਪਾਠਕ੍ਰਮ ਵਿੱਚ ਚਾਰ ਜਾਂ ਪੰਜ ਜਾਂ ਇਸ ਤੋਂ ਵੱਧ ਵਿਸ਼ੇ ਸ਼ਾਮਿਲ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚੋਂ ਹਰੇਕ ਲਈ ਇੱਕ ਵੱਖਰਾ ਅਧਿਆਪਕ ਨਿਯੁਕਤ ਕੀਤਾ ਜਾਂਦਾ ਹੈ। ਹਰੇਕ ਵਿਸ਼ਾ ਅਲੱਗ ਅਤੇ ਬਿਨਾਂ ਦੂਸਰੇ ਵਿਸ਼ੇ ਨਾਲ ਲਿੰਕ ਕੀਤੇ ਪੜ੍ਹਾਇਆ ਜਾਂਦਾ ਹੈ। ਇਸ ਵਿੱਚ ਵਿਦਿਆਰਥੀਆਂ ਦੇ ਤਜ਼ਰਬੇ, ਸਿੱਖਣ ਗਤੀਵਿਧੀਆਂ ਅਤੇ ਪਰੀਖਣਾਂ ਤੇ ਅਧਿਆਪਕ ਦਾ ਪੂਰਾ ਕੰਟਰੋਲ ਹੁੰਦਾ ਹੈ ਪਰੰਤੂ ਸਿੱਖਿਆ ਪ੍ਰਤੀਕਰਮਾਂ ਵਿੱਚ ਫੈਸਲੇ ਅਤੇ ਮੁਲਾਂਕਣ ਪ੍ਰਕਿਰਿਆ ਦੂਸਰਿਆਂ ਦੇ ਹੱਥ ਵਿੱਚ ਹੁੰਦਾ ਹੈ। ਇਸ ਤੋਂ ਇਲਾਵਾ ਜਮਾਤ ਦਾ ਵਾਤਾਵਰਣ ਅਤੇ ਗਤੀਵਿਧੀਆਂ ਵੀ ਮੁੱਖੀ ਦੁਆਰਾ ਪਲੈਨ ਕੀਤੀਆਂ ਜਾਂਦੀਆਂ ਹਨ। ਮੁੱਖੀ ਅਧਿਆਪਕ ਤੋਂ ਇੱਕ ਕਠੋਰ ਅਨੁਸ਼ਾਸਨ ਅਤੇ ਨਿਯਮਿਤ ਅਧਿਆਪਨ-ਸਿੱਖਣ ਪ੍ਰਕਿਰਿਆ ਲਈ ਨਿਯਮ ਲਾਗੂ ਕਰਦਾ ਹੈ।

2. **ਕਮਿਊਨਿਟੀ ਕੇਂਦਰਿਤ ਪਾਠਕ੍ਰਮ :** ਕਮਿਊਨਿਟੀ ਕੇਂਦਰਿਤ ਪਾਠਕ੍ਰਮ ਦਾ ਉਦੇਸ਼ ਜਮਾਤ ਦੇ ਕਮਰੇ ਤੋਂ ਬਾਹਰ ਵਿਦਿਆਰਥੀਆਂ ਨੂੰ ਸਮਾਜਿਕ ਜੀਵਨ ਦੇ ਯੋਗ ਬਣਾਉਣ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਸਮਾਜਿਕ ਬਦਲਾਅ ਦੀ ਪਹੁੰਚ ਹੈ। ਪਾਠਕ੍ਰਮ ਸਮਾਜਿਕ ਮਸਲਿਆਂ ਤੇ ਆਧਾਰਿਤ ਹੋਣ ਦੇ ਨਾਲ ਨਾਲ ਸਮਾਜ ਦੇ ਮਸਲਿਆਂ ਨੂੰ ਸਮਝਣ ਅਤੇ ਹੱਲ ਕਰਨ ਤੇ ਆਧਾਰਿਤ ਹੈ। ਇਸ ਪਾਠਕ੍ਰਮ ਦੌਰਾਨ ਵਿਦਿਆਰਥੀਆਂ ਨੂੰ ਸਮਾਜ ਵਿੱਚ ਅਸਰਦਾਰ ਰੋਲ, ਸਮਾਜਿਕ ਮਸਲਿਆਂ ਅਤ ਸਮੱਸਿਆਵਾਂ ਦਾ ਹੱਲ ਕਰਨ ਦੇ ਯੋਗ ਬਣਾਉਂਦਾ ਹੈ। ਇਸ ਪਾਠਕ੍ਰਮ ਦੀ ਨੀਂਹ ਸਮਾਜ ਦੀਆਂ ਅਸਲ ਸਮੱਸਿਆਵਾਂ ਅਤੇ ਮਸਲਿਆਂ ਦੇ ਵਿਸ਼ਲੇਸ਼ਣ ਅਨੁਸਾਰ ਰੱਖੀਆਂ ਜਾਂਦੀਆਂ ਹਨ।

ਇਸ ਪਾਠਕ੍ਰਮ ਅਧੀਨ ਵਿਦਿਆਰਥੀਆਂ ਨੂੰ ਲਗਾਤਾਰ ਇੱਕ ਦੂਜੇ ਨਾਲ ਇੰਟਰੇਕਸ਼ਨ, ਟੀਮ ਵਰਕ, ਗਰੁੱਪ ਪ੍ਰੋਜੈਕਟ ਨੂੰ ਮੁੱਖ ਸਥਾਨ ਦਿੱਤਾ ਜਾਂਦਾ ਹੈ ਤਾਂ ਜੋ ਵਿਅਕਤੀ ਦਾ ਸਮਾਜਿਕ ਵਿਕਾਸ ਉਮੀਦਾਂ ਅਨੁਸਾਰ ਹੋ ਸਕੇ। ਇਸ ਪਾਠਕ੍ਰਮ ਵਿੱਚ ਲੋਕਤੰਤਰ, ਭਾਗੀਦਾਰੀ ਅਤੇ ਚੰਗੀ ਨਾਗਰਿਕਤਾ ਦਾ ਸਿਧਾਤਾਂ ਨੂੰ ਮੁੱਖ ਰੱਖ ਕੇ ਵਿੱਦਿਅਕ ਵਾਤਾਵਰਨ ਤੇ ਪ੍ਰਕਿਰਿਆਵਾਂ ਦੀ ਯੋਜਨਾਬੰਦੀ ਕੀਤੀ ਜਾਂਦੀ ਹੈ।

3. **ਵਿਦਿਆਰਥੀ ਕੇਂਦਰਿਤ ਪਾਠਕ੍ਰਮ :** ਅਜੋਕੇ ਸਮੇਂ ਵਿੱਚ ਸਿੱਖਿਆ ਮਾਹਿਰਾਂ ਦਾ ਵੱਧ ਤੋਂ ਵੱਧ ਰੁਝਾਨ ਵਿਦਿਆਰਥੀ ਕੇਂਦਰਿਤ ਪਾਠਕ੍ਰਮ ਹੈ। ਇਸ ਪਾਠਕ੍ਰਮ ਵਿੱਚ ਵਿਅਕਤੀਗਤ ਭਿੰਨਤਾ ਦੇ ਸੰਕਲਪ ਨੂੰ ਖਾਸ ਸਥਾਨ ਦਿੱਤਾ ਜਾਂਦਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਹਰੇਕ ਵਿਦਿਆਰਥੀ ਦੀਆਂ ਵੱਖਰੀਆਂ ਲੋੜਾਂ ਅਤੇ ਯੋਗਤਾਵਾਂ ਹੁੰਦੀਆਂ ਹਨ। ਇਹਨਾਂ ਲੋੜਾਂ ਅਤੇ ਯੋਗਤਾਵਾਂ ਹੁੰਦੀਆਂ ਹਨ। ਇਹਨਾਂ ਲੋੜਾਂ ਅਤ ਯੋਗਤਾਵਾਂ ਨੂੰ ਧਿਆਨ ਵਿੱਚ ਰੱਖਕੇ ਹੈ। ਪਾਠਕ੍ਰਮ ਦਾ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਇਹ ਸੰਕਲਪ ਸਭ ਤੋਂ ਪਹਿਲਾਂ ਰੂਸੋ ਨੇ ਰੱਖਿਆ ਸੀ। ਵਿਦਿਆਰਥੀ ਕੇਂਦਰਿਤ ਪਾਠਕ੍ਰਮ ਵਿੱਚ ਵਿਦਿਆਰਥੀਆਂ ਨੂੰ ਪੂਰੀ ਪ੍ਰਕਿਰਿਆ ਦਾ ਕੇਂਦਰ ਬਿੰਦੂ ਮੰਨ ਕੇ ਅਜਿਹੀਆਂ ਕਿਰਿਆਵਾਂ, ਪ੍ਰੀਕਣਾਂ ਅਤੇ ਵਿਸ਼ਾ ਵਸਤੂ ਨੂੰ ਪਾਠਕ੍ਰਮ ਵਿੱਚ ਪਾਇਆ ਜਾਂਦਾ ਹੈ ਜੋ ਸਾਰੇ ਵਿਦਿਆਰਥੀਆਂ ਦੀ ਰੁਚੀ, ਜ਼ਰੂਰਤਾਂ ਅਤੇ ਸਰਵਪੱਖੀ ਵਿਕਾਸ ਲਈ ਲਾਹੇਵੰਦ ਹੋਣ। ਵਿਦਿਆਰਥੀ ਕੇਂਦਰਿਤ ਪਾਠਕ੍ਰਮ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ :-

1. ਵਿਦਿਆਰਥੀ ਕੇਂਦਰਿਤ ਪਾਠਕ੍ਰਮ ਵਿਦਿਆਰਥੀਆਂ ਦੀਆਂ ਆਮ ਅਤੇ ਸਾਂਝੀਆਂ ਲੋੜਾਂ ਅਤੇ ਰੁਚੀਆਂ ਦੇ ਨਾਲ ਨਾਲ ਖਾਸ ਲੋੜਾਂ ਅਤੇ ਰੁਚੀਆਂ ਦੇ ਨਾਲ ਨਾਲ ਖਾਸ ਲੋੜਾਂ ਅਤੇ ਰੁਚੀਆਂ ਨੂੰ ਧਿਆਨ ਵਿੱਚ ਰੱਖ ਕੇ ਪਲੈਨ ਕੀਤਾ ਜਾਂਦਾ ਹੈ।

2. ਇਹ ਪਾਠਕ੍ਰਮ ਕਾਫ਼ੀ ਲਚਕੀਲਾ ਹੁੰਦਾ ਹੈ ਜੋ ਸਮੇਂ ਅਨੁਸਾਰ ਬਦਲਾਅ ਯੋਗ ਹੁੰਦਾ ਹੈ। ਇਹ ਇਸ ਤਰੀਕੇ ਨਾਲ ਲਚਕਦਾਰ ਹੁੰਦਾ ਹੈ ਕਿ ਹਰ ਇੱਕ ਵਿਦਿਆਰਥੀ ਦੀਆਂ ਲੋੜਾਂ ਅਨੁਸਾਰ ਇਸ ਨੂੰ ਢਾਲਿਆ ਜਾ ਸਕਦਾ ਹੈ।

3. ਸਿਖਿਆਰਥੀ ਨੂੰ ਔਖੇ ਜਾਂ ਮੁਸ਼ਕਿਲ ਹਾਲਾਤ ਵਿੱਚ ਸਮੱਸਿਆ ਸਵਾਧਾਨ ਵਿੱਚ ਮਦਦ ਕਰਨਾ ਅਤੇ ਉਸਦੀ ਸਮੱਸਿਆ ਦਾ ਹੱਲ ਕਰਨਾ ਵੀ ਇਸੇ ਪਾਠਕ੍ਰਮ ਦਾ ਤੱਤ ਹੈ। ਵਿਦਿਆਰਥੀ ਦੀਆਂ ਵਿਅਕਤੀਗਤ ਸਮੱਸਿਆਵਾਂ ਵੀ ਇਸ ਪਾਠਕ੍ਰਮ ਵਿੱਚ ਖਾਸ ਸਥਾਨ ਰੱਖਦੀਆਂ ਹਨ।

**1.1.4.6 ਪਾਠਕ੍ਰਮ ਦੀ ਲੋੜ ਅਤੇ ਮਹੱਤਤਾ :** ਅਧਿਆਪਕ ਨੇ ਸਿੱਖਿਆ ਨਾਲ ਸੰਬੰਧਿਤ ਅਨੇਕਾਂ ਉਦੇਸ਼ ਪੂਰੇ ਕਰਨੇ ਹੁੰਦੇ ਹਨ। ਇਹਨਾਂ ਉਦੇਸ਼ਾਂ ਨੂੰ ਪੂਰਾ ਕਰਨ ਲਈ ਅਧਿਆਪਕ ਪੜ੍ਹਾਉਣ ਦੀਆਂ ਗਤੀਵਿਧੀਆਂ ਨੂੰ ਇੱਕ ਕ੍ਰਮ ਵਿੱਚ ਯੋਜਨਾਬੱਧ ਕਰਦਾ ਹੈ ਇਸੇ ਕ੍ਰਮ ਨੂੰ ਪਾਠਕ੍ਰਮ ਕਿਹਾ ਜਾਂਦਾ ਹੈ। ਪਾਠਕ੍ਰਮ ਸਿੱਖਿਆ ਪ੍ਰਕਿਰਿਆ ਦਾ ਨਿਚੋੜ ਹੈ। ਪਾਠਕ੍ਰਮ ਦੀ ਲੋੜ ਅਤੇ ਮਹੱਤਤਾ ਹੇਠ ਦਿੱਤੇ ਅਨੁਸਾਰ ਹੈ :

**1. ਸਿੱਖਿਆ ਉਦੇਸ਼ਾਂ ਨੂੰ ਪੂਰਾ ਕਰਨਾ :** ਸਿੱਖਿਆ ਦੇ ਉਦੇਸ਼ਾਂ ਵਿਦਿਆਰਥੀ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਿੱਖਿਆ ਉਦੇਸ਼ਾਂ ਨੂੰ ਪੂਰੇ ਕਰਨ ਲਈ ਇਕ ਅਸਰਦਾਰ ਪਲੈਨ ਦੀ ਜ਼ਰੂਰਤ ਹੁੰਦੀ ਹੈ। ਪਾਠਕ੍ਰਮ ਇਨ੍ਹਾਂ ਉਦੇ ਸ਼ਾਂ ਨੂੰ ਪ੍ਰਾਪਤ ਕਰਨ ਦਾ ਇੱਕ ਮਾਧਿਅਮ ਹਨ।

**2. ਚੰਗੇ ਅਧਿਆਪਕਾਂ ਦੇ ਮਾਪ ਦੰਡ :** ਇੱਕ ਚੰਗਾ ਪਾਠਕ੍ਰਮ ਚੰਗੇ ਅਧਿਆਪਕਾਂ ਲਈ ਮਾਪਦੰਡ ਦਾ ਕੰਮ ਕਰਦਾ ਹੈ। ਵਰਤਮਾਨ ਪਾਠਕ੍ਰਮ ਦੇ ਅਨੁਸਾਰ ਅਧਿਆਪਕਾਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ।

**3. ਸਹੀ ਅਧਿਆਪਣ ਯੁਗਤਾਂ ਦੀ ਚੋਣ :** ਪਾਠਕ੍ਰਮ ਵਿਸ਼ਾ ਵਸਤੂ ਦੀ ਚੋਣ ਦੇ ਨਾਲ-ਨਾਲ ਸਹੀ ਅਧਿਆਪਣ ਤਰੀਕਿਆਂ ਦੀ ਚੋਣ ਵਿੱਚ ਮਦਦਗਾਰ ਹੁੰਦਾ ਹੈ। ਪਾਠਕ੍ਰਮ ਅਧਿਆਪਕ ਨੂੰ ਦੱਸਦਾ ਹੈ ਕਿ ਕੀ ਪੜ੍ਹਾਇਆ ਜਾਣਾ ਹੈ, ਕਿਸ ਨੂੰ ਅਤੇ ਕਦੋਂ ਪੜ੍ਹਾਇਆ ਜਾਣਾ ਹੈ।

**4. ਸਿੱਖਿਆ ਪ੍ਰਵਿਰਤੀਆਂ ਨੂੰ ਪ੍ਰਤੀਬਿੰਬਤ ਕਰਨਾ :** ਪਾਠਕ੍ਰਮ ਹਮੇਸ਼ਾ ਬਦਲਦਾ ਰਹਿੰਦਾ ਹੈ। ਸਮੇਂ ਦੇ ਨਾਲ-ਨਾਲ ਪਾਠਕ੍ਰਮ ਦਾ ਵਿਸ਼ਾ ਵਸਤੂ, ਵਿਸ਼ੇ, ਕਿਰਿਆਵਾਂ ਅਤੇ ਪ੍ਰੈਕਟਿਸ ਬਦਲਦੀ ਰਹਿੰਦੀ ਹੈ। ਇਸ ਤਰ੍ਹਾਂ ਪਾਠਕ੍ਰਮ ਸਿੱਖਿਆ ਦਾ ਬਦਲਦੀਆਂ ਪ੍ਰਵਿਰਤੀਆਂ ਨੂੰ ਪ੍ਰਤੀਬਿੰਬਤ ਕਰਦਾ ਹੈ।

**5. ਗਿਆਨ ਅਤੇ ਜਾਣਕਾਰੀ :** ਪਾਠਕ੍ਰਮ ਵਿਦਿਆਰਥੀਆਂ ਨੂੰ ਲੋੜੀਂਦੀ ਜਾਣਕਾਰੀ ਅਤੇ ਗਿਆਨ ਪ੍ਰਦਾਨ ਕਰਨ ਦਾ ਸਾਧਨ ਹੈ। ਪਾਠਕ੍ਰਮ ਲੋੜੀਂਦੀ ਜਾਣਕਾਰੀ ਅਤੇ ਤਜ਼ਰਬੇ ਵਿਦਿਆਰਥੀਆਂ ਨੂੰ ਪ੍ਰਦਾਨ ਕਰਨ ਦਾ ਮਾਧਿਅਮ ਹੈ ਜਿਹੜੇ ਵਿਦਿਆਰਥੀਆਂ ਨੂੰ ਅਸਲ ਜੀਵਨ ਵਿੱਚ ਸਹਾਈ ਹੁੰਦੇ ਹਨ।

**6. ਗਤੀਵਿਧੀਆਂ ਅਤੇ ਤਜ਼ਰਬੇ :** ਪਾਠਕ੍ਰਮ ਵੱਖੋ-ਵੱਖਰੀਆਂ ਗਤੀਵਿਧੀਆਂ ਅਤੇ ਤਜ਼ਰਬੇ ਜੋ ਵਿਦਿਆਰਥੀਆਂ ਦੇ ਵਿਕਾਸ ਲਈ ਜ਼ਰੂਰੀ ਹਨ ਤੋਂ ਬਣਦਾ ਹੈ। ਇਸ ਤਰ੍ਹਾਂ ਪਾਠਕ੍ਰਮ ਗਤੀਵਿਧੀਆਂ ਤੇ ਤਜ਼ਰਬੇ ਪ੍ਰਦਾਨ ਕਰਦਾ ਹੈ ਜੋ ਵਿਦਿਆਰਥੀ ਦੇ ਵਿਅਕਤੀਗਤ ਵਿਕਾਸ ਲਈ ਜ਼ਰੂਰੀ ਹਨ।

**7. ਲਾਭਕਾਰੀ ਪ੍ਰਭਾਵ :** ਪਾਠਕ੍ਰਮ ਇੱਕ ਅਜਿਹੀ ਸਿਰਜਣਾ ਹੈ। ਜੋ ਵਿਦਿਆਰਥੀਆਂ ਦੇ ਜੀਵਣ ਤੇ ਲਾਭਕਾਰੀ ਪ੍ਰਭਾਵ ਪਾਉਂਦਾ ਹੈ। ਵਿਦਿਆਰਥੀਆਂ ਦੇ ਕੌਸ਼ਲ ਜਾਣਕਾਰੀ, ਗਿਆਨ ਅਤੇ ਤਜ਼ਰਬੇ ਪ੍ਰਦਾਨ ਕਰਦਾ ਹੈ ਜੋ ਵਿਦਿਆਰਥੀ ਨੂੰ ਆਮ ਜ਼ਿੰਦਗੀ ਅਤੇ ਕਿੱਤੇ ਵਿੱਚ ਲਾਭਕਾਰੀ ਹੁੰਦੇ ਹਨ।

**8. ਰਾਸ਼ਟਰੀ ਏਕੀਕਰਨ ਅਤੇ ਵਿਕਾਸ :** ਹਰੇਕ ਪਾਠਕ੍ਰਮ ਦਾ ਸਭ ਤੋਂ ਉਚੇ ਦਰਜੇ ਦਾ ਉਦੇਸ਼ ਰਾਸ਼ਟਰ ਦਾ ਵਿਕਾਸ ਅਤੇ ਰਾਸ਼ਟਰੀ ਏਕੀਕਰਨ ਹੁੰਦਾ ਹੈ। ਪਾਠਕ੍ਰਮ ਵਿੱਚ ਅਜਿਹੇ ਵਿਸ਼ੇ ਅਤੇ ਕਿਰਿਆਵਾਂ ਜੋੜੀਆਂ ਜਾਂਦੀਆਂ ਹਨ ਜੋ ਰਾਸ਼ਟਰ ਨਿਰਮਾਣ ਲਈ ਵਿਦਿਆਰਥੀਆਂ ਨੂੰ ਤਿਆਰ ਕਰਦੀਆਂ ਹਨ।

**9. ਸਮਾਜਿਕ ਵਿਕਾਸ :** ਪਾਠਕ੍ਰਮ ਵਿਦਿਆਰਥੀਆਂ ਦੇ ਸਮਾਜਿਕ ਵਿਕਾਸ ਲਈ ਜ਼ਿੰਮੇਵਾਰ ਹੁੰਦਾ ਹੈ। ਟੀਮ ਟੀਚਿੰਗ, ਪ੍ਰੋਜੈਕਟ ਵਿਧੀ ਜਿਹੇ ਤੱਤ ਵਿਦਿਆਰਥੀ ਦੇ ਸਮਾਜਿਕ ਵਿਕਾਸ ਦੇ ਚਰਨ ਹਨ ਅਤੇ ਵੱਖਰੇ ਵੱਖਰੇ ਸਮਾਜਿਕ ਮਸਲੇ ਅਤੇ ਸਿੱਖਿਆ ਪਾਠਕ੍ਰਮ ਵਿੱਚ ਸ਼ਾਮਲ ਹੁੰਦੇ ਹਨ।

**10. ਵਿਅਕਤੀਗਤ ਜ਼ਰੂਰਤਾਂ :** ਪਾਠਕ੍ਰਮ ਵਿਦਿਆਰਥੀਆਂ ਦੀਆਂ ਵਿਅਕਤੀਗਤ ਲੋੜਾਂ ਪੂਰਾ ਕਰਦਾ ਹੈ। ਪਾਠਕ੍ਰਮ ਵਿਅਕਤੀ ਦੇ ਸਰਵਪੱਖੀ ਵਿਕਾਸ ਵਿੱਚ ਲਾਹੇਵੰਦ ਹੈ। ਇਹ ਵਿਦਿਆਰਥੀ ਦੇ ਸਮਾਜਿਕ, ਮਾਨਸਿਕ, ਸਰੀਰਕ, ਅਧਿਆਤਮਕ ਅਤੇ ਕਿੱਤਾਮਈ ਵਿਕਾਸ ਵਿੱਚ ਸਹਾਈ ਹੁੰਦਾ ਹੈ।

**ਪਾਠ ਵਿਚਲੇ ਲਘੂ ਪ੍ਰਸ਼ਨ**

1. ਪਾਠਕ੍ਰਮ ਅਤੇ ਸਿਲੇਬਸ ਵਿੱਚ ਕੀ ਅੰਤਰ ਹੈ?

 ..........................................................................................................

 ..........................................................................................................

2. ਸਮੁਦਾਇ ਕੇਂਦਰਿਤ ਪਾਠਕ੍ਰਮ ਦੀਆਂ ਕੀ ਵਿਸ਼ੇਸ਼ਤਾਵਾਂ ਹਨ?

 ..........................................................................................................

 ..........................................................................................................

### 1.1.4.7 ਪਾਠਕ੍ਰਮ ਦੇ ਆਧਾਰ ਅਤੇ ਕੰਮ:

ਕਿਸੇ ਵਿਸ਼ੇ ਸਗਤ ਕਲਾਸ, ਗਰੇਡ ਜਾਂ ਸਿੱਖਿਅਕ ਪੌੜੀ ਦੇ ਕਿਸੇ ਪੜਾਅ ਲਈ, ਵਿਕਸਿਤ ਕੀਤੇ ਪਾਠਕ੍ਰਮ ਵਿੱਚ ਇੱਛਿਤ ਤਬਦੀਲੀਆਂ ਲਿਆਉਣ ਲਈ, ਅਤੇ ਵਿਦਿਆਰਥੀਆਂ ਦੇ ਵਿਵਹਾਰ ਵਿਚ ਤਬਦੀਲੀਆਂ ਲਿਆਉਦ ਲਈ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਅਸਲ ਵਿਚ ਪਾਠਕ੍ਰਮ ਦਾ ਅਧਾਰ ਇਸ ਦੁਆਰਾ ਪੂਰੇ ਕੀਤੇ ਜਾਂਦੇ ਟੀਚਿਆਂ ਵਿਚ ਛੁਪਿਆ ਹੋਇਆ ਹੈ।

**1. ਪਾਠਕ੍ਰਮ ਦਾ ਦਾਰਸ਼ਨਿਕ ਅਧਾਰ:** ਦਰਸ਼ਨ ਸ਼ਾਸਤਰ ਹਮੇਸ਼ਾ ਮਨੁੱਖ ਦੇ ਸੁਭਾਅ ਸੰਬੰਧੀ ਸਚਾਈ ਦੀ ਭਾਲ ਵਿੱਚ ਲੱਗਿਆ ਰਹਿੰਦਾ ਹੈ। ਇਸ ਤਰ੍ਹਾਂ ਦਰਸ਼ ਸ਼ਾਸਤਰ ਸਿੱਖਿਆ ਦੇ ਸਿਧਾਂਤ ਵਜੋਂ ਸਿੱਖਿਆ ਦੀ ਪ੍ਰੀਕ੍ਰਿਆ ਦੇ ਸਾਰੇ ਕੰਮਾਂ ਜਿੰਨ੍ਹਾਂ ਵਿਚ ਪਾਠਕ੍ਰਮ, ਯੋਜਨਾ ਅਤੇ ਵਿਕਾਸ ਵੀ ਆਉਂਦੇ ਹਨ, ਦਾ ਮੁੱਖ ਅਧਾਰ ਹੈ। ਵਿਭਿੰਨ ਦਾਰਸ਼ਨਿਕ ਸਿਧਾਂਤ ਆਦਰਸ਼ਵਾਦ, ਪ੍ਰਯੋਜਨਵਾਦ ਅਤੇ ਹੋਂਦਵਾਦ ਪਾਠਕ੍ਰਮ ਵਿਕਾਸ ਦੇ ਕੰਮ ਨੂੰ ਦਿਸ਼ਾ ਅਤੇ ਅਕਾਰ ਪ੍ਰਦਾਨ ਕਰਦੇ ਹਨ।

**I ਆਦਰਸ਼ਵਾਦ**:- ਪਲੈਟੋ ਨੂੰ ਆਦਰਸ਼ਵਾਦ ਦਾ ਪ੍ਰਚਾਰਕ ਸਮਝਿਆ ਜਾਂਦਾ ਹੈ। ਇਹ ਮਨ ਦੀ ਸਚਾਈ ਆਤਮਾ ਅਤੇ ਪ੍ਰਮਾਤਮਾ ਨੂੰ ਸੱਚ ਮੰਨਦਾ ਹੈ ਅਤੇ ਭੌਤਿਕ ਸੰਸਾਰ ਨੂੰ ਅਸਥਾਈ ਮੰਨਦਾ ਹੈ। ਆਦਰਸ਼ਵਾਦੀ ਪਾਠਕ੍ਰਮ ਵਿਚ ਹੇਠ ਲਿਖੇ ਵਿਸ਼ੇ ਆਉਂਦੇ ਹਨ:-

(i) **ਸਰੀਰਕ ਅਤੇ ਮਾਨਸਿਕ ਵਿਕਾਸ ਲਈ ਸਹਾਇਕ ਵਿਸ਼ੇ:-** ਭਾਸ਼ਾ, ਸਾਹਿਤ, ਇਤਿਹਾਸ, ਭੂਗੋਲ, ਗਣਿਤ, ਸਰੀਰਕ ਸਿੱਖਿਆ।

(ii) **ਨੈਤਿਕ ਵਿਕਾਸ ਲਈ ਸਹਾਇਕ ਵਿਸ਼ੇ** :- ਧਰਮ, ਮੁੱਲ ਸ਼ਾਸਤਰ, ਦਰਸ਼ਨ ਸ਼ਾਸਤਰ।

(iii) **ਸੁਹਜਾਤਮਕ ਵਿਕਾਸ ਲਈ ਸਹਾਇਕ ਵਿਸ਼ੇ** :- ਅਲੱਗ-2 ਕਲਾਵਾਂ, ਸੰਗੀਤ, ਸੱਭਿਆਚਾਰ, ਸੁਹਜਾਤਮਕ ਗਤੀਵਿਧੀਆਂ

**II ਪ੍ਰਕ੍ਰਿਤੀਵਾਦ**:- ਕਾਮਟੇ, ਬੈਕਨ, ਲੈਮਾਰਕ, ਰੂਸੋ, ਹਰਬਰਟ, ਸਪੈਂਸਰ, ਹਕਸਲੇ ਆਦਿ ਵਿਭਿੰਨ ਵਿਚਾਰਕਾਂ ਦੁਆਰਾ ਪ੍ਰਸਾਰਿਤ ਕੀਤਾ ਗਿਆ ਹੈ। ਪ੍ਰਕ੍ਰਿਤੀਵਾਦ ਦੁਆਰਾ ਪ੍ਰਭਾਵਿਤ ਵਿਸ਼ੇ ਅਤੇ ਗਤੀਵਿਧੀਆਂ ਉਹ ਹਨ ਜਿਹੜੀਆਂ ਕਿ ਭੌਤਿਕ ਵਸਤੂਆਂ ਦੀ ਸਮਝ, ਤਰੱਕੀ ਅਤੇ ਵਿਵਹਾਰਿਕਤਾ ਨਾਲ ਸੰਬੰਧ ਰੱਖਦੀਆਂ ਹਨ। ਇਸ ਵਿਚ ਵਿਵਹਾਰਿਕ ਗਿਆਨ ਅਤੇ ਵਿਗਿਆਨਕ ਗਤੀਵਿਧੀਆਂ ਨੂੰ ਮੁੱਖ ਵਿਸ਼ੇ ਮੰਨਿਆ ਜਾਂਦਾ ਹਨ ਅਨੇਕਾਂ ਵਿਸ਼ੇ ਜਿਵੇਂ ਸਮਾਜਿਕ ਵਿਗਿਆਨ, ਸਮਾਜ ਸ਼ਾਸਤਰ, ਮਨੋਵਿਗਿਆਨ, ਅਰਥ ਸ਼ਾਸਤਰ, ਕਲਾਵਾਂ, ਸਰੀਰਕ ਸਿਹਤ ਆਦਿ ਨੂੰ ਵਧੀਆ ਜ਼ਿੰਦਗੀ ਅਤੇ ਸਮਾਯੋਜਨ ਸਿਖਾਉਣ ਲਈ ਵਿਦਿਆਰਥੀਆਂ ਦੀਆਂ ਲੋੜਾਂ ਅਤੇ ਰੂਚੀ ਅਨੁਸਾਰ ਸੰਮਲਿਤ ਕੀਤਾ ਜਾਂਦਾ ਹੈ।

**III ਪ੍ਰਯੋਜਨਵਾਦ** :- ਪ੍ਰੋਜਨਵਾਦ ਦੀ ਪ੍ਰਚਾਰਕਾਂ ਵਿਚ ਚਾਰਲਸ, ਪੀਅਰਸ ਅਤੇ ਵਿਲੀਅਮ ਜੇਮਜ ਦਾ ਨਾਮ ਪ੍ਰਸਿੱਧ ਹੈ। ਲਗਾਤਾਰ ਬਦਲਾਵ ਅਤੇ ਗਿਆਨ ਦੀ ਨਵ-ਸੰਰਚਨਾ, ਸਦੀਵੀ ਮੁੱਲਾਂ ਦਾ ਨਾ ਹੋਣਾ, ਜ਼ਿੰਦਗੀ ਦੀਆਂ ਲੋੜਾਂ ਦੇ ਅਨੁਸਾਰ ਆਦਰਸ਼ ਇਹ ਘੋਸ਼ਣਾ ਕਰਦੇ ਹਨ ਕਿ ਸਿੱਖਿਆ ਦਾ ਕੋਈ ਵੀ ਸਦੀਵੀ ਉਦੇਸ਼ ਨਹੀਂ ਹੈ।

ਪ੍ਰਯੋਜਨਵਾਦ ਪਾਠਕ੍ਰਮ ਬੱਚੇ ਦੇ ਅਨੁਭਵਾਂ ਰੁਚੀਆਂ ਅਤੇ ਲੋੜਾਂ ਤੇ ਅਧਾਰਿਤ ਹੈ। ਅਲੱਗ-2 ਵਿਸ਼ਿਆਂ ਤੇ ਕੰਮ ਕਰਨ ਦੀ ਬਜਾਏ ਵਿਦਿਆਰਥੀਆਂ ਨੂੰ ਅਜਿਹਾ ਗਿਆਨ ਦਿੱਤਾ ਜਾਣਾ ਚਾਹੀਦਾ ਹੈ ਜਿਹੜਾ ਕਿ ਉਸ ਗਤੀਵਿਧੀ ਲਈ ਸਹਾਇਕ ਹੋਵੇ ਜਿਸ ਵਿਚ ਉਸਨੇ ਭਵਿੱਖ ਵਿੱਚ ਕੰਮ ਕਰਨਾ ਹੈ।

**IV ਹੋਂਦਵਾਦ** :- ਸੋਰਨ, ਕਿਰਕ ਗਾਰਡ ਨੂੰ ਹੋਂਦਵਾਦ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਹੋਂਦਵਾਦ ਪਾਠਕ੍ਰਮ ਇਸ ਗੱਲ ਤੇ ਜੋਰ ਦਿੰਦਾ ਹੈ ਕਿ ਸਿਖਿਆਰਥੀਆਂ ਨੂੰ ਇਹ ਚੁਣਨ ਦੀ ਅਜ਼ਾਦੀ ਹੋਣੀ ਚਾਹੀਦੀ ਹੈ ਕਿ ਸਾਨੂੰ ਕੀ ਪੜ੍ਹਨਾ ਚਾਹੀਦਾ ਹੈ? ਪਾਠਕ੍ਰਮ ਵਿਚ ਮਨੁੱਖਵਾਦੀ ਵਿਸ਼ਿਆਂ ਤੇ ਵਿਗਿਆਨਕ ਵਿਸ਼ਿਆਂ ਤੇ ਜਿਆਦਾ ਮਹੱਤਵ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਨੈਤਿਕ ਅਤੇ ਧਾਰਮਿਕ ਵਿਸ਼ਿਆਂ ਨਾਲ ਸੰਬੰਧਿਤ ਵਿਸ਼ੇ ਇਨਸਾਨੀ ਕੀਮਤਾਂ ਨਾਲ ਸੰਬੰਧਿਤ ਵਿਸ਼ੇ ਜਿਹੜੇ ਕਿ ਸਾਨੂੰ ਮਿਲਜੁਲ ਕੇ ਰਹਿਣਾ ਅਤੇ ਮਿਹਨਤ ਦੀ ਕਦਰ ਕਰਨਾ ਸਿਖਾਉਂਦੇ ਹਨ ਨੂੰ ਸ਼ਾਮਲ ਕੀਤਾ ਜਾਂਦਾ ਹੈ।

**2. ਪਾਠਕ੍ਰਮ ਦਾ ਮਨੋਵਿਗਿਆਨਕ ਅਧਾਰ**:- ਮਨੋਵਿਗਿਆਨਕ ਵਿਵਹਾਰ ਦੀ ਵਿਗਿਆਨ ਵਜੋਂ ਬੱਚੇ ਦੇ ਸਾਰੇ ਪੱਖਾਂ ਗਿਆਨਾਤਮਕ, ਭਾਵਨਾਤਮਕ, ਗਤੀਆਤਮਕ ਵਿਚ ਇੱਛਤ ਤਬਦੀਲੀਆਂ ਲਿਆਉਣ ਤੇ ਜੋਰ ਦਿੰਦਾ ਹੈ। ਪਾਠਕ੍ਰਮ ਵਿਚ ਸਾਰੇ ਜਰੂਰੀ ਵਿਸ਼ਿਆਂ ਰਸਮੀ ਅਤੇ ਗੈਰ ਰਸਮੀ ਕਲਾਸ ਦੇ ਅੰਦਰਲੇ ਅਤੇ ਬਾਹਰਲੇ ਅਨੁਭਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਬੱਚੇ ਨੂੰ ਵਿਸ਼ਾ ਵਸਤੂ ਨਾਲੋਂ ਜ਼ਿਆਦਾ ਮਹਤੱਤਾ ਦਿੱਤੀ ਜਾਂਦੀ ਹੈ।

ਪਾਠਕ੍ਰਮ ਤੋਂ ਭਾਵ ਬੱਚੇ ਦੀ ਉਮਰ, ਗਰੇਡ ਅਤੇ ਪੱਧਰ ਦੇ ਅਨੁਸਾਰ ਉਸਦੇ ਸਰੀਰਕ, ਮਾਨਸਿਕ, ਸਿਹਤ, ਅਤੇ ਭਾਵਨਾਤਮਕ ਵਿਕਾਸ ਅਤੇ ਸਮਾਜਿਕ ਸਮਾਯੋਜਨ ਦੀ ਉਮੀਦ ਕੀਤੀ ਜਾਂਦੀ ਹੈ। ਸਹੀ ਤਰੀਕੇ ਨਾਲ ਸਿੱਖਣ ਲਈ ਪ੍ਰੇਰਨਾ ਦਾ ਹੋਣਾ ਜਰੂਰੀ ਹੈ। ਇਸ ਲਈ ਸਿੱਖਣ ਅਨੁਭਵਾਂ ਨੂੰ ਇਸ ਤਰ੍ਹਾਂ ਕ੍ਰਮਬੱਧ ਕੀਤਾ ਜਾਂਦਾ ਹੈ ਤਾਂ ਕਿ ਵਿਦਿਆਰਥੀ ਸੋਖੇ ਤੋਂ ਕਠਿਨ ਅਤੇ ਗਿਆਨ ਤੋਂ ਅਗਿਆਤ ਵੱਲ ਵਧਣ।

**ਸਮਾਜਿਕ ਅਧਾਰ**: - ਹਰੇਕ ਸਮਾਜ ਦਾ ਆਪਣੇ ਬੱਚਿਆਂ ਦੀ ਸਿੱਖਿਆ ਨੂੰ ਪ੍ਰਬੰਧ ਕਰਨ ਦਾ ਆਪਣਾ ਤਰੀਕਾ ਹੁੰਦਾ ਹੈ। ਇਸ ਤਰ੍ਹਾਂ ਸਮਾਜਿਕ ਅਧਾਰ ਦੋ ਵਿਭਿੰਨ ਤਰੀਕਿਆਂ ਨਾਲ ਪਾਠਕ੍ਰਮ ਵਿਕਾਸ ਵਿਚ ਮਦਦ ਕਰਦਾ ਹੈ:-

1. ਸਮਾਜ ਦੀਆਂ ਲੋੜਾਂ ਅਤੇ ਮੰਗਾਂ ਅਨੁਸਾਰ ਵਿਦਿਆਰਥੀਆਂ ਦੇ ਸੁਭਾਅ ਵਿਚ ਤਬਦੀਲੀਆਂ ਲਿਆਉਣਾ।
2. ਸਿੱਖਿਆ ਨੂੰ ਸਮਾਜਿਕ ਪਰਿਵਰਤਨਾ ਅਤੇ ਤਰੱਕੀ ਦਾ ਏਜੰਨ ਜਾਂ ਸਾਧਨ ਬਣਾਉਣਾ।

ਪਾਠਕ੍ਰਮ ਨੂੰ ਵਿਦਿਆਰਥੀਆਂ ਨੂੰ ਸੱਭਿਆਚਾਰਕ ਅਤੇ ਸਮਾਜਿਕ ਪਰਿਵਰਤਨਾਂ ਨੂੰ ਅਪਣਾਉਣ ਲਈ ਤਿਆਰ ਕਰਨਾ ਚਾਹੀਦਾ ਹੈ। ਪਾਠਕ੍ਰਮ ਦੁਆਰਾ ਬੱਚਿਆਂ ਵਿਚ ਅਜਿਹਾ ਦ੍ਰਿਸ਼ਟੀਕੋਣ ਅਤੇ ਕੇਸਲ ਵਿਕਸਤ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਉਹ ਸਮਾਜਿਕ ਬੁਰਾਈਆਂ ਜਿਵੇਂ ਅਨਪੜ੍ਹਤਾ, ਵਹਿਮ ਭਰਮ, ਭਾਸ਼ਾਵਾਦ, ਖੇਤਰਵਾਦ, ਭ੍ਰਿਸ਼ਟਾਚਾਰ, ਨੈਤਿਕ ਮੁੱਲਾਂ ਦੀ ਕਮੀ, ਬੇਰੁਜ਼ਗਾਰੀ, ਜਨਸੰਖਿਆ ਦਾ ਵਾਧਾ, ਰਾਜਨੀਤਿਕ ਭ੍ਰਿਸ਼ਟਾਚਾਰ, ਦਹਿਸ਼ਤਵਾਦ, ਅੰਤਰਰਾਸ਼ਟਰੀ ਝਗੜਿਆਂ ਦੇ ਹਲ ਲਈ ਕੋਸ਼ਿਸ਼ਾਂ ਕਰ ਸਕਣ।

### *1.1.4.8 ਪਾਠਕ੍ਰਮ ਵਿਕਾਸ ਦਾ ਵਿਕੇਂਦਰੀਕਰਣ*

*ਜੇਕਰ ਸ਼ਾਬਦਿਕ ਅਰਥ ਦੇਖਿਆ ਜਾਵੇ ਤਾਂ ਕੇਂਦਰ (ਵਿਚਕਾਰ) ਤੋਂ ਪਰੇ ਹਟਨਾ ਹੀ ਵਿਕੇਂਦਰੀਕਰਣ ਕਿਹਾ ਜਾਂਦਾ ਹੈ। ਪਰ ਇਸਦਾ ਇਹ ਭਾਵ ਨਹੀਂ ਕਿ ਸਰਕਾਰ ਦਾ ਜ਼ਿਆਦਾ ਕੰਟਰੋਲ ਜਾਂ ਪਕੜ੍ਹ ਨਹੀਂ ਹੈ ਪਰੰਤੂ ਇਹ ਭਾਵ ਲਿਆ ਜਾਂਦਾ ਹੈ ਕਿ ਕੇਂਦਰ ਦੀਆਂ ਤਾਕਤਾਂ ਨੂੰ ਵਧਾਉਣਾ। ਪਰ ਦੂਜਾ ਭਾਵ ਇਹ ਵੀ ਲਿਆ ਜਾਂਦਾ ਹੈ ਕਿ ਕੇਂਦਰ ਸਰਕਾਰ ਦਾ ਕਮਜ਼ੋਰ ਹੋਣਾ ਅਤੇ ਲੋਕਲ ਅਤੇ ਸਬ-ਨੈਸ਼ਨਲ ਗੋਰਮੈਂਟ ਦੀਆਂ ਤਾਕਤਾਂ ਜਿਆਦਾ ਹਨ। ਇਹ ਦੇਸ਼ ਨੂੰ ਇੱਕ ਦੂਜੇ ਦੇ ਨਾਲ ਭਾਗ ਲੈਣ ਅਤੇ ਵੰਡ ਦੇ ਕੰਮ ਕਰਨ ਦੀ ਤੁੱਕ ਵਿੱਚ ਸਮਝਿਆ ਜਾ ਸਕਦਾ ਹੈ।*

*ਪਾਠਕ੍ਰਮ ਦੇ ਵਿਕੇਂਦਰੀਕਰਨ ਵਿੱਚ ਕੁਝ ਕਾਰਨ ਹਨ ਜੋ ਪਾਠਕ੍ਰਮ ਵਿਕਾਸ ਨੂੰ ਰੋਕਦੇ ਹਨ। ਇਹ ਕਾਰਣ ਵਿਅਕਤੀਗਤ ਰੂਪ ਵਿੱਚ ਹਰ ਇੱਕ ਵਿਅਕਤੀ ਉੱਪਰ ਲਾਗੂ ਹੁੰਦੇ ਹਨ ਅਤੇ ਇਹ ਆਪਣਾ ਪ੍ਰਭਾਵ ਪਾਠਕ੍ਰਮ ਵਿਕਾਸ ਦੇ ਪਾਂਦੇ ਹਨ।* Decentralization in Education : National Policies and Practices (UNESCO-2005:6)। *ਇਹ ਵਿਆਖਿਆ ਕੀਤੀ ਗਈ ਹੈ ਕਿ ਕੇਂਦਰੀਕਰਨ, ਵਿਕੇਂਦਰੀਕਰਨ ਅਤੇ ਸਿਧਾਂਤਾਂ ਸਾਰੇ ਸਿਖਿਅਕ ਸੈਕਟਰਾਂ ਵਿਚ ਲਾਗੂ ਕੀਤੇ ਗਏ ਹਨ।*

1. ***ਯੋਜਨਾ ਅਤੇ ਯੋਜਨਾ ਲਾਗੂ ਕਰਨਾ*** : ਸਾਰੇ ਦੇਸ਼ਾਂ ਵਿਚ, ਕੇਂਦਰੀ ਸਰਕਾਰ ਲੰਬੇ ਸਮੇਂ ਦੀਆਂ ਅਤੇ ਥੋੜ੍ਹੇ ਸਮੇਂ ਦੀਆਂ ਰਾਸ਼ਟਰੀ ਨੀਤੀਆਂ ਬਣਾਉਂਦੀਆਂ ਹਨ। ਵਾਰਸ਼ਿਕ ਯੋਜਨਾਵਾਂ ਕਦੇ-ਕਦੇ ਵਾਰਸ਼ਿਕ ਬਜਟ ਨਾਲ ਜੋੜ ਦਿੱਤੀਆਂ ਜਾਂਦੀਆਂ ਹਨ, ਜਿਹੜੀ ਕਿ ਉਪ-ਰਾਸ਼ਟਰੀ ਪੱਧਰ ਤੇ ਹੁੰਦੀ ਹੈ। ਕੁਝ ਦੇਸ਼ਾਂ ਵਿਚ ਕੁਝ ਖੇਤਰਾਂ ਦੀਆਂ ਸਟਰੈਟਜਿਕ ਯੋਜਨਾਵਾਂ ਹੁੰਦੀਆਂ ਹਨ। ਜਿਵੇਂ-ਜਿਵੇਂ ਵਿਕੇਂਦਰੀਕਰਨ ਵੱਧਦਾ ਜਾਂਦਾ ਹੈ, ਸੂਚਨਾ ਦਾ ਪੱਧਰ ਵੱਧਦਾ ਜਾਂਦਾ ਹੈ ਅਤੇ ਸਿੱਖਿਆ ਦੇ ਸੈਕਟਰ ਵਿਚ ਮੁਲਾਂਕਣ ਸਿਸਟਮ ਵੀ ਸਮੇਂ ਦੇ ਨਾਲ ਨਾਲ ਬਦਲਦਾ ਜਾਂਦਾ ਹੈ।
2. ***ਬਜਟ ਅਤੇ ਵਿੱਤੀ ਮੈਨੇਜਮੈਂਟ*** : ਬਜਟ ਤਿਆਰ ਕਰਨਾ, ਉਸਦੀ ਵੰਡ ਕਰਨਾ, ਖਰਚੇ ਦੀ ਮੈਨੇਜਮੈਂਟ ਕਰਨਾ ਅਤੇ ਦੇਖ-ਰੇਖ ਕਰਨਾ ਸਰਕਾਰ ਦੇ ਕੇਂਦਰੀ ਅਤੇ ਵਿਕੇਂਦਰੀ ਪੱਧਰ ਦੀ ਸਾਂਝੀ ਜ਼ਿੰਮੇਵਾਰੀ ਹੈ। ਕੁਝ ਅਜਿਹੇ ਵੀ ਦੇਸ਼ ਹਨ ਜਿੱਥੇ ਸਿਖਿਆ ਵਿਭਾਗ ਬਜਟ ਵੰਡ ਪ੍ਰਕ੍ਰਿਆ ਵਿਚ ਸ਼ਾਮਿਲ ਨਹੀਂ ਹੋਏ। ਕਈ ਦੇਸ਼ਾਂ ਵਿਚ ਕੁਲ ਪਬਲਿਕ ਬਜਟ ਦਾ ਵੱਡਾ ਸ਼ੇਅਰ ਲੋਕਲ ਪੱਧਰ ਸਰਕਾਰਾਂ ਦੁਆਰਾ ਕਾਰਜਕ੍ਰਿਤ ਕੀਤਾ ਜਾਂਦਾ ਹੈ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਪ੍ਰਕ੍ਰਿਤੀ ਦੁਆਰਾ ਸਿਖਿਆ ਵਿੱਤ ਸਰਕਾਰ ਦੀਆਂ ਦੂਜੀਆਂ ਗਤੀਵਿਧੀਆਂ ਨਾਲੋਂ ਜ਼ਿਆਦਾ ਵਿਕੇਂਦਰੀਕ੍ਰਿਤ ਹੈ।
3. ***ਪਰਸੋਨਲ ਮੈਨੇਜਮੈਂਟ*** : ਕਈ ਦੇਸ਼ਾਂ ਵਿਚ ਨਿਰਣਾ ਲੈਣ ਦੀ ਸ਼ਕਤੀ ਪਰਸੋਨਲ ਮੈਨੇਜਮੈਂਟ ਕੋਲ ਹੁੰਦੀ ਹੈ ਖਾਸ ਕਰਕੇ ਪੋਸਟਾਂ ਦੀ ਵੰਡ 'ਤੇ ਅਤੇ ਹੋਰ ਸਾਰੀਆਂ ਤਰ੍ਹਾਂ ਦੀਆਂ ਯੋਜਨਾਵਾਂ ਲਾਗੂ ਕਰਨ ਵਿਚ ਲੋਕਲ ਪੱਧਰ ਦੀਆਂ ਸਰਕਾਰਾਂ ਦਾ ਯੋਗਦਾਨ।
4. ***ਅਕਾਦਮਿਕ ਮੈਨੇਜਮੈਂਟ*** : ਜਿਆਦਾਤਰ ਦੇਸ਼ਾਂ ਵਿਚ, ਸਰਕਾਰ ਸਿਖਿਆ ਅਤੇ ਉਸਦੀ ਵੱਖ-ਵੱਖ ਸਾਮਗਰੀਆਂ 'ਤੇ ਆਪਣਾ ਨਿਯੰਤਰਨ ਰੱਖਦੀ ਹੈ। ਅਕਾਦਮਿਕ ਮੈਨੇਜਮੈਂਟ ਕੰਮਾਂ ਦੇ ਵਿਕੇਂਦਰੀਕਰਨ ਪਾਠ-ਸਹਾਇਕ ਸਮੱਗਰੀ ਨਾਲੋਂ ਲਿਮਟਿਡ ਹੁੰਦਾ ਹੈ। ਅਮਰੀਕਾ ਵਰਗੇ ਦੇਸ਼ਾਂ ਵਿੱਚ ਜਿਥੇ ਅਕਾਦਮਿਕ ਮਸਲਿਆਂ ਦਾ ਵਿਕੇਂਦਰੀਕਰਨ ਕੀਤਾ ਜਾਂਦਾ ਹੈ, ਉਹ ਆਰਥਿਕ ਪ੍ਰਤੀਯੋਗਤਾ ਦਬਾਅ ਹੇਠ ਦੀ ਹਾਲਤ ਹੇਠ ਅਕਾਦਮਿਕ ਸਟੈਂਡਰਡ ਅਤੇ ਯੋਗਤਾ ਨਾਲ ਜੁੜਿਆ ਹੁੰਦਾ ਹੈ। ਸਿੱਖਣ ਮਾਪਣ ਨੀਤੀਆਂ, ਜਿਸ ਵਿਚ ਰਾਸ਼ਟਰੀ ਪ੍ਰੀਖਿਆ ਸਿਸਟਮ ਵੀ ਸ਼ਾਮਿਲ ਹੈ ਅਤੇ ਸਿਖਿਆ ਦੇ ਉੱਚ ਪੱਧਰ ਦੀਆਂ ਸਾਰੀਆਂ ਜਰੂਰਤਾਂ ਪੂਰੀਆਂ ਕਰਦਾ ਹੈ, ਇਹ ਇਕ ਮਜਬੂਤ ਕੇਂਦਰੀਕ੍ਰਿਤ ਸਿਸਟਮ ਬਣ ਜਾਂਦਾ ਹੈ।
5. ***ਬੁਨਿਆਦੀ ਢਾਂਚੇ ਦਾ ਪ੍ਰਾਵਧਾਨ*** : ਬਹੁਤ ਸਾਰੇ ਦੇਸ਼ਾਂ ਵਿਚ ਬੁਨਿਆਦੀ ਢਾਂਚੇ ਨਾਲ ਸੰਬੰਧਤ ਕੰਮ ਸਰਕਾਰ ਦੇ ਹੇਠਲੇ ਪੱਧਰ ਅਤੇ ਲੋਕਲ ਸਮੁਦਾਇਆਂ ਦੁਆਰਾ ਵਿਕੇਂਦਰੀਕ੍ਰਿਤ ਕੀਤੇ ਜਾਂਦੇ ਹਨ। ਸੰਗਠਨਾਤਮਕ ਸੰਦਰਭ, ਜਿਸ ਵਿਚ ਸੂਖਮ ਰਸਤੇ ਰਾਹੀਂ ਅਸੀਂ ਸਿਖਿਆ ਨੀਤੀਆਂ ਦਾ ਨਿਰਮਾਣ ਕਰਦੇ ਹਾਂ, ਅਤੇ ਉਸਦੇ ਤਹਿਤ ਹੀ ਵਿੱਤ ਯੋਜਨਾ, ਸਾਧਨਾਂ ਦੀ ਵੰਡ ਅਤੇ ਹੋਰ ਸਾਧਨਾਂ ਆਦਿ ਨੂੰ ਸ਼ਾਮਿਲ ਕਰਦੇ ਹਾਂ।

### *1.1.4.9.* ***ਕਾਲਪਨਿਕ ਅਭਿਆਸ***

*ਪਾਠਕ੍ਰਮ ਵਿਕਾਸ ਦਾ ਵਿਕੇਂਦਰੀਕਰਨ ਕੁਝ ਖਾਸ ਕਲਪਨਾਤਮਕ ਅਭਿਆਸਾਂ ਜਿਵੇਂ ਕਿ ਸਥਾਨਕ ਖੁਦਮੁਖਤਿਆਰੀ, ਭਾਗੀਦਾਰੀ ਯੋਜਨਾਬੰਦੀ, ਅਧਿਆਪਕ ਸਸ਼ਕਤੀਕਰਨ, ਪ੍ਰਸੰਗਿਕਰਨ ਅਤੇ ਵਿਭਿੰਨਤਾ ਲਈ ਸਤਿਕਾਰ ਤੇ ਅਧਾਰਿਤ ਹੈ। ਇਹ ਇੱਕ ਤਲ ਉਪਰ ਅਤੇ ਲੋਕਤੰਤਰੀ ਪਹੁੰਚ ਅਪਣਾਉਦਾ ਹੈ ਜਿਸ ਵਿਚ ਪਾਠਕ੍ਰਮ ਦੇ ਫੈਸਲੇ ਕੇਂਦਰੀ ਅਧਿਕਾਰੀਆਂ ਦੀ ਬਜਾਏ ਸਕੂਲਾਂ, ਅਧਿਆਪਕਾਂ ਅਤੇ ਭਾਈਚਾਰਿਆਂ ਦੁਆਰਾ ਲਏ ਜਾਂਦੇ ਹਨ। ਇਹ ਅਭਿਆਸ ਲਚਕਤਾ, ਭਾਈਚਾਰਕ ਗਿਆਨ ਏਕੀਕਰਨ ਅਤੇ ਸਥਾਨਕ ਹਿੱਸੇਦਾਰਾਂ ਪ੍ਰਤੀ ਜਵਾਬਦੇਹੀ ਦਾ ਸਮਰਥਨ ਕਰਦਾ ਹੈ। ਇਹ ਧਾਰਨਾਵਾਂ ਅਧਿਆਪਕਾਂ ਨੂੰ ਪਾਠਕ੍ਰਮ ਨਿਰਮਾਤਾਵਾਂ ਵਜੋ ਵੇਖਦੀਆਂ ਹਨ ਅਤੇ ਰਾਸ਼ਟਰੀ ਢਾਂਚੇ ਨਾਲ ਇਕਸਾਰ ਹੁੰਦੇ ਹੋਏ ਨਿਰੰਤਰ ਸਥਾਨਕ ਮੁਲਾਂਕਣ ਅਤੇ ਅਨੁਕੂਲਤਾ ਤੇ ਜ਼ੋਰ ਦਿੰਦੀਆਂ ਹਨ। ਇਸ ਤਰ੍ਹਾਂ, ਵਿਕੇਂਦਰੀਕਰਨ ਇਕ ਵਧੇਰੇ ਢੁਕਵੇਂ, ਸੰਮਲਿਨ ਅਤੇ ਜਵਾਬਦੇਹ ਪਾਠਕ੍ਰਮ ਨੂੰ ਯਕੀਨੀ ਬਣਾਉਦਾ ਹੈ।*

### *1.1.5* ***ਲਾਗੂ ਕਰਨਾ***

1. ਅਧਿਆਪਕਾਂ ਅਤੇ ਸੰਸਥਾਵਾਂ ਲਈ ਨੀਵਾਂ ਖੇਤਰ
   - ਅਭਿਨਵ ਅਧਿਆਪਨ
   - ਸਕੂਲ ਦਰਸ਼ਨ
2. ਵਿਭਾਗਾਂ ਵਿਚਕਾਰ ਵਧੀਆ ਇੰਟਰ ਸਬਜੈਕਟ ਕਨੈਕਸ਼ਨ ਜਿਸਦਾ ਮਤਲਬ ਹੈ
   - ਮਜਬੂਤ ਵਾਰਤਾਲਾਪ
   - ਸੁਸੰਗਤ ਸਿੱਖਣ ਵਾਤਾਵਰਨ
3. ਨਵੇਂ ਕੋਰਸ, ਸਿੱਖਣ ਮਾਪਣ ਦੇ ਨਵੇਂ ਢੰਗ

- *ਡਿਪਲੋਮਾ - ਨਵੇਂ ਕੋਰਸਾਂ ਦਾ ਢਾਂਚਾ*

*4. ਵਿਅਕਤੀਗਤ ਸਿੱਖਣਾ*

- *ਆਈ ਏ ਜੀ/ਦੇਹਾਤੀ ਭੂਮਿਕਾ*

*5. ਚੋਣ ਦਾ ਭਾਵ ਲਚਕੀਲਾਪਨ, ਜੋ ਡਿਮਾਂਡ ਕਰਦੀ ਹੈ*

- *ਸੁਸੰਗਤ ਰਣਨੀਤੀ*

*6. ਯੋਜਨਾ*

*7. ਸਾਧਨ*

*8. ਸਿਖਲਾਈ (ਕਿੱਤਈ ਵਿਕਾਸ)*

*9. ਮੁਲਾਂਕਣ ਰਣਨੀਤੀਆਂ, ਪ੍ਰਕ੍ਰਿਆਵਾਂ ਅਤੇ ਸੰਦ*

***1.1.6 ਸਾਰ***

*ਇਹ ਪਾਠ ਸਾਨੂੰ ਪਾਠਕ੍ਰਮ ਦੇ ਖੇਤਰ ਬਾਰੇ ਸਾਧਾਰਨ ਜਾਣਕਾਰੀ ਦਿੰਦਾ ਹੈ ਅਤੇ ਵਿਸ਼ਲੇਸ਼ਣ ਕਰਨ ਲਈ ਧਾਰਨਾ ਪ੍ਰਦਾਨ ਕਰਦਾ ਹੈ। ਇਹ ਪਾਠ ਪਾਠਕ੍ਰਮ ਦੀ ਧਾਰਨਾ, ਪਾਠਕ੍ਰਮ ਦੇ ਵੱਖ-ਵੱਖ ਪ੍ਰਕਾਰ, ਪਾਠਕ੍ਰਮ ਦੇ ਤੱਤਾਂ ਦੀ ਪ੍ਰਕ੍ਰਿਤੀ ਛਿੱਪੇ ਹੋਏ ਪਾਠਕ੍ਰਮ ਆਦਿ ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਪਾਠਕ੍ਰਮ ਕੀ ਹੁੰਦਾ ਹੈ, ਇਸਦਾ ਕੀ ਮਹੱਤਵ ਹੈ, ਪਾਠਕ੍ਰਮ ਦੇ ਤੱਤ ਅਤੇ ਇਹ ਕਿਵੇਂ ਸਮੇਂ ਦੇ ਨਾਲ ਨਾਲ ਬਦਲਦੇ ਰਹਿੰਦੇ ਹਨ।*

ਭਾਵੇਂ ਕਿ ਦਰਸ਼ਨ ਸ਼ਾਸਤਰ ਨੂੰ ਸਿੱਖਿਆ ਦੇ ਸਿਧਾਂਤ ਵਜੋਂ ਇੱਕ ਸ਼ਕਤੀ ਜਾਂ ਅਧਾਰ ਮੰਨਿਆਂ ਜਾਂਦਾ ਹੈ ਜਿਹੜਾ ਕਿ ਸਿੱਖਿਆ ਦੀ ਪ੍ਰਕ੍ਰਿਆ ਦੇ ਸਾਰੇ ਕੰਮਾਂ ਜਿਵੇਂ ਪਾਠਕ੍ਰਮ ਯੋਜਨਾ ਅਤੇ ਵਿਕਾਸ ਵਿਚ ਮਦਦ ਕਰਦਾ ਹੈ। ਪਾਠਕ੍ਰਮ ਸਮਾਜ ਦੁਆਰਾ ਅਪਣਾਏ ਗਏ ਦਾਰਸ਼ਨਿਕ ਵਿਚਾਰਾਂ ਦੁਆਰਾ ਪ੍ਰਭਾਵਿਤ ਅਤੇ ਨਿਰਦੇਸ਼ਿਤ ਹੁੰਦਾ ਹੈ।

**1.1.7 ਕੁੰਜੀ ਪਾਰਧਾਨਾਂ**

1. ਪਾਠਕ੍ਰਮ- ਸਕੂਲ ਦੀਆਂ ਸਾਰੀਆਂ ਗਤੀਵਿਧੀਆਂ ਜਿਨ੍ਹਾਂ ਵਿਚ ਬੱਚੇ ਹਿਸਾ ਲੈਂਦੇ ਹਨ, ਇਸ ਵਿਚ ਸਕੂਲ ਦੇ ਪਾਠਕ੍ਰਮ ਅਤੇ ਸਹਿ-ਪਾਠਕ੍ਰਮ ਅਨੁਭਵ ਸਾਮਲ ਹਨ।
2. ਸਿਲੇਬਸ- ਇਸ ਵਿਚ ਕੋਰਸ ਦੀ ਸਮਗਰੀ ਅਤੇ ਵਿਸੇ ਸਾਮਲ ਹੁੰਦੇ ਹਨ।

**1.1.8 ਸਵੈ ਮੁਲਾਂਕਣ ਅਭਿਆਸ: ਖਾਲੀ ਥਾਵਾਂ ਭਰੋ।**

1. ............. ਸਭ ਤੋ ਪੁਰਾਣਾ ਪਾਠਕ੍ਰਮ ਡਿਰਾਇਨ ਹੈ।
2. ਚਾਰਲਸ ਪੀਅਰਸ ਅਤੇ ਵਿਲੀਆ ਜੇਮਜ ਪਾਠਕ੍ਰਮ ਦੇ ............... ਦਾਰਸਨਿਕ ਆਧਾਰ ਦੇ ਪ੍ਰਚਾਲਕ ਹਨ।
3. ਪਲੈਟੇ ਇਕ............ਚਿੰਤਕ ਹਨ।
4. ਵਿਦਿਆਰਥੀ ਕੇਂਦਰਿਤ ਪਾਠਕ੍ਰਮ ਵਿਚ............ ਦੇ ਸੰਕਲਪ ਦਾ ਖਾਸ ਧਿਆਨ ਦਿਤਾ ਜਾਦਾ ਹੈ।
5. ਸਾਬਦਿਕ ਅਰਥ ਅਨੁਸਾਰ ਕੇਦਰ ਤੋ..........ਹੀ ਵਿਕੇਦਰੀਕਰਨ ਹੈ।

ਉਤਰ: 1. ਵਿਸ਼ਾ ਕੇਦਰਿਤ 2. ਪ੍ਰਯੋਜਨਵਾਦ 3. ਆਦਰਸ਼ਵਾਦੀ
4. ਵਿਅਕਤੀਗਤ ਭਿੰਨਤਾ 5. ਪਰੇ ਹਟਨਾ

***1.1.9 ਸੁਝਾਏ ਪ੍ਰਸ਼ਨ***

*1. ਪਾਠਕ੍ਰਮ ਕੀ ਹੁੰਦਾ ਹੈ ?*

*2. ਪਾਠਕ੍ਰਮ ਦੀਆਂ ਪਰਿਭਾਸ਼ਾਵਾਂ*

*3. ਪਾਠਕ੍ਰਮ ਨੂੰ ਪਰਿਭਾਸ਼ਿਤ ਕਰੋ ? ਪਾਠਕ੍ਰਮ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?*

*4. ਪਾਠਕ੍ਰਮ ਦੀ ਲੋੜ ਅਤੇ ਮਹੱਤਤਾ ਕੀ ਹੈ ?*

5. ਪਾਠਕ੍ਰਮ ਅਤੇ ਸਿਲੇਬਸ ਵਿਚਕਾਰ ਕੀ ਅੰਤਰ ਹੈ ?
6. ਪਾਠਕ੍ਰਮ ਵਿਕਾਸ ਵਿਚ ਵਿਕੇਂਦਰੀਕਰਨ ਤੋਂ ਕੀ ਭਾਵ ਹੈ ?

### 1.1.10 ਸੁਝਾਈ ਗਈਆਂ ਪੜ੍ਹਤਾਂ ਅਤੇ ਵੈਬ ਸਾਧਨ


- Bailey, S. (1992) How Schools Shortchange Girls : The AAUW Report. New York, Ny: Marlowe & Company.
- Bergman, D.J. & Bergman, C.C. (2010). Elements of Stylish teaching Lesson from Struck & white. Phi Delta Kappan, 9,(4), 28.31.
- Bibao, P.P./, Lucito, P.I. Irinagan, T.C., & R.B. Javier (2008).
- Curriculum development. Phillipines : hormar Publishing, Inc.
- Bobitt, John Franklin. The curriculum Boston : Houghton Millin, 1918.
- Caswell, H.L., & Compbell, D.S. (1935), Cirriculum Development. New York : American Book.
- Kelly, A.V. (2009). The Curriculum : theory & practice.
- Kohlberg, Lawrence. "The Aboral Atmosphere of the School." The Hidden currriculum & Mord Education Ed. Giroux, Henry & David Purpel. Burkeley, California : McCutchen Publishing Corporation, 1983. 61-81.
- Sadkar, D., Sadkar, M. (1994) Failing at Fairness : How our schools cheat Girls, Toronto, ON: Simon & Schuster Inc.

1. ਡਾ. ਐਸ.ਕੇ ਮੰਗਲ : ਪਾਠਕ੍ਰਮ ਅਤੇ ਸਕੂਲ ਪ੍ਰਬੰਧ
2. ਡਾ. ਡੀ.ਐਸ. ਸ੍ਰੀਵਾਸਤਵਾ : ਪਾਠਕ੍ਰਮ ਅਤੇ ਅਨੁਦੇਸ਼ਨ
3. ਸੁਹੇ ਪ੍ਰਿੰਟ : ਪਾਠਕ੍ਰਮ ਵਿਕਾਸ ਅਤੇ ਡਿਜਾਈਨ

**ਪਾਠ ਨੰ: 1.2**

**ਲੇਖਿਕਾ : ਭਿੰਦਰਜੀਤ ਕੌਰ**
**Converted into SLM by: Dr. Amita**
Last updated in January, 2026

## ਪਾਠਕ੍ਰਮ ਬਦਲਾਅ : ਸੰਕਲਪ, ਉਦੇਸ਼, ਕਾਰਕ, ਰੁਕਾਵਟਾਂ ਅਤੇ ਵੱਖ-ਵੱਖ ਏਜੰਸੀਆਂ ਦੀ ਭੂਮਿਕਾ

**ਢਾਂਚਾ**

1.2.1 ਉਦੇਸ਼
1.2.2 ਭੂਮਿਕਾ
1.2.3 ਪਾਠਕ੍ਰਮ ਬਦਲਾਅ ਦਾ ਸੰਕਲਪ
1.2.4 ਪਾਠਕ੍ਰਮ ਬਦਲਾਅ ਦੇ ਉਦੇਸ਼ ਅਤੇ ਨਿਸ਼ਾਨੇ
1.2.5 ਪਾਠਕ੍ਰਮ ਬਦਲਾਅ ਦੀਆਂ ਕਿਸਮਾਂ
1.2.6 ਪਾਠਕ੍ਰਮ ਬਦਲਾਅ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ
1.2.7 ਪਾਠਕ੍ਰਮ ਬਦਲਾਅ ਵਿੱਚ ਵੱਖ-ਵੱਖ ਏਜੰਸੀਆਂ ਦੀ ਭੂਮਿਕਾ
1.2.8 ਪਾਠਕ੍ਰਮ ਬਦਲਾਅ ਵਿੱਚ ਰੁਕਾਵਟਾਂ
1.2.9 ਸਿੱਟਾ
1.2.10 ਮੁੱਖ ਸੰਕਲਪ
1.2.11 ਸਵੈ ਮੁਲਾਂਕਣ ਅਭਿਆਸ
1.2.12 ਸੁਝਾਏ ਪ੍ਰਸ਼ਨ
1.2.13 ਸੁਝਾਈ ਪੁਸਤਕ ਸੂਚੀ

### 1.2.1 ਉਦੇਸ਼ :

ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ :

1. ਪਾਠਕ੍ਰਮ ਬਦਲਾਅ ਦੇ ਅਰਥਾਂ ਨੂੰ ਜਾਣਨ ਦੇ ਯੋਗ ਹੋ ਜਾਣਗੇ।
2. ਪਾਠਕ੍ਰਮ ਬਦਲਾਅ ਦੇ ਉਦੇਸ਼ ਅਤੇ ਨਿਸ਼ਾਨਿਆਂ ਨੂੰ ਸਮਝਣ ਦੇ ਯੋਗ ਹੋ ਜਾਣਗੇ।
3. ਪਾਠਕ੍ਰਮ ਬਦਲਾਅ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਅਤੇ ਏਜੰਸੀਆਂ ਦੀ ਵਿਆਖਿਆ ਕਰਨ ਯੋਗ ਹੋ ਜਾਣਗੇ।
4. ਪਾਠਕ੍ਰਮ ਬਦਲਾਅ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਸਮਝ ਸਕਣਗੇ।

### 1.2.2 ਭੂਮਿਕਾ :

ਬਦਲਾਅ ਕੁਦਰਤ ਦਾ ਨਿਯਮ ਹੈ। ਬਦਲਾਅ ਲਗਾਤਾਰ ਗਿਆਨ ਅਤੇ ਅਗਾਂਹਵਧੂ ਤਕਨੀਕ ਦੇ ਵੱਧਣ ਕਰਕੇ ਵਾਪਰਦਾ ਹੈ। ਬਦਲਾਅ ਆਮ ਤੌਰ ਤੇ ਅਚੇਤ, ਗੈਰ ਯੋਜਨਾਬੰਧ ਅਤੇ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ। ਇਹ ਅਚਾਨਕ ਨਵੀਆਂ ਕਾਂਢਾ ਅਤੇ ਯੋਜਨਾਵਾਂ ਕਰਕੇ ਵਾਪਰਦਾ ਹੈ। ਜ਼ਿਆਦਾਤਰ ਹਾਲਾਤਾਂ ਵਿੱਚ ਤਬਦੀਲੀ ਅਸੁਵਿਧਾਜਨਕ ਲੱਗ ਸਕਦੀ ਹੈ ਪਰ ਇਹ ਮਨੁੱਖੀ ਜੀਵਨ ਦਾ ਇਕ ਮਹੱਤਵਪੂਰਨ ਅਤੇ ਅਨਿਖੜਵਾਂ

ਹਿੱਸਾ ਹੈ। ਬਦਲਾਅ ਸ਼ੁਰੂ ਵਿਚ ਢੁੱਕਵਾਂ ਜਾਂ ਬੇਅਰਾਮ ਲਗਦਾ ਹੈ ਪਰੰਤੂ ਇਹ ਮਨੁੱਖੀ ਜੀਵਨ ਦਾ ਅਨਿਖੜਵਾਂ ਅੰਗ ਹੈ।

ਸਿੱਖਿਆ ਪ੍ਰਣਾਲੀ ਵਿਚ ਖੜੋਤ ਤੋਂ ਬਚਨ ਲਈ ਬਦਲਾਅ ਬਹੁਤ ਹੀ ਮਹੱਤਵਪੂਰਨ ਹੈ ਅਤੇ ਇਹ ਕੌਸ਼ਲਾਂ ਦੇ ਵਿਕਾਸ ਕਰਨ ਦੇ ਤਰੀਕੇ ਸਿਖਾਉਣ ਦੀ ਸਧਾਰਨ ਤਬਦੀਲੀ ਹੈ। ਸਿੱਖਿਆ ਇਕ ਗਤੀਸ਼ੀਲ ਪ੍ਰਕਿਰਿਆ ਹੈ ਜੋ ਵਿਦਿਆਰਥੀਆਂ ਦੇ ਵਿਵਹਾਰ ਵਿਚ ਬਹੁਤ ਸਾਰੇ ਮਹੱਤਵਪੂਰਨ ਪਰਿਵਰਤਨਾਂ ਦੀ ਅਗਵਾਈ ਕਰਦੀ ਹੈ। ਜਿਵੇਂ ਕਿ ਸਿੱਖਿਆ ਅਤੇ ਇਸ ਦੇ ਤੱਤ ਹਮੇਸ਼ਾ ਬਦਲਦੇ ਰਹਿੰਦੇ ਹਨ, ਇਸ ਲਈ ਪਾਠਕ੍ਰਮ ਹਮੇਸ਼ਾ ਚੇਤੰਨ ਜਾਂ ਅਚੇਤ ਤੌਰ ਤੇ ਬਦਲਿਆ ਜਾਂਦਾ ਹੈ। ਇਹ ਪਾਠ ਪਾਠਕ੍ਰਮ ਵਿਚ ਬਦਲਾਅ ਦੇ ਸੰਕਲਪ, ਵੱਖਰੇ-ਵੱਖਰੇ ਕਾਰਜ ਅਤੇ ਵੱਖ-ਵੱਖ ਪੱਧਰਾਂ ਤੇ ਪਾਠਕ੍ਰਮ ਬਦਲਾਅ ਨਾਲ ਸੰਬੰਧਿਤ ਏਜੰਸੀਆਂ ਤੇ ਰੋਸ਼ਨੀ ਪਾਵੇਗਾ।

### 1.2.3 ਪਾਠਕ੍ਰਮ ਬਦਲਾਅ ਦਾ ਸੰਕਲਪ :

ਪਾਠਕ੍ਰਮ ਦਾ ਮੁੱਖ ਉਦੇਸ਼ ਗਿਆਨ, ਹੁਨਰ ਅਤੇ ਲਾਭਕਾਰੀ ਅਨੁਭਵ ਪ੍ਰਦਾਨ ਕਰਨਾ ਹੁੰਦਾ ਹੈ ਜੋ ਕਿ ਇਕ ਕਾਮਯਾਬ ਜ਼ਿੰਦਗੀ ਜਿਉਣ ਲਈ ਬਹੁਤ ਜ਼ਰੂਰੀ ਹੁੰਦਾ ਹੈ। ਦੂਜੇ ਅਰਥਾਂ ਵਿੱਚ ਪਾਠਕ੍ਰਮ ਦੇ ਵਿੱਚ ਵਿਸ਼ਾ-ਵਸਤੂ, ਸਿੱਖਣ ਪ੍ਰਕਿਰਿਆਵਾਂ ਅਤੇ ਅਨੁਭਵ ਸ਼ਾਮਿਲ ਹੁੰਦਾ ਹੈ ਜੋ ਕਿ ਇਕ ਮਨੁੱਖ ਦੇ ਸਰਵਪੱਖੀ ਅਤੇ ਜ਼ਰੂਰੀ ਕੌਸ਼ਲਾਂ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ।

ਅੱਜ ਦੇ ਸਮੇਂ ਵਿੱਚ ਪਾਠਕ੍ਰਮ ਨੂੰ ਬਦਲਣ ਅਤੇ ਉਸ ਨੂੰ ਅਗਾਂਹਵਧੂ ਬਣਾਉਣ ਦੀ ਬਹੁਤ ਜ਼ਰੂਰਤ ਹੈ ਤਾਂ ਜੋ ਪਾਠਕ੍ਰਮ ਬਦਲਦੇ ਸਮੇਂ ਨਾਲ ਮੁਕਾਬਲਾ ਕਰਨ ਦੇ ਯੋਗ ਹੋਵੇ। ਇਹ ਇਕ ਉਹ ਬਹੁਪੱਖੀ ਸੰਕਲਪ ਹੈ ਜੋ ਸਿੱਖਿਆ ਦੇ ਉਦੇਸ਼ ਇਨਪੁੱਟ ਅਤ ਆਊਟਪੁੱਟ ਦੇ ਦੁਆਲੇ ਇੱਕ ਸਮਾਜਿਕ, ਨਿੱਜੀ ਅਤੇ ਰਾਜਨੀਤਿਕ ਸੰਦਰਭ ਵਿੱਚ ਘੁੰਮਦਾ ਹੈ।

ਪਾਠਕ੍ਰਮ ਬਦਲਾਅ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਲਈ ਸਮਾਂ, ਊਰਜਾ ਅਤੇ ਸ੍ਰੋਤ ਦੀ ਜ਼ਰੂਰਤ ਹੁੰਦੀ ਹੈ ਜਿਸ ਨਾਲ ਸਿੱਖਿਆ 'ਚ ਸੁਧਾਰ ਲਿਆਂਦਾ ਜਾ ਸਕਦਾ ਹੈ। ਬਦਲਾਅ ਆਪਣੇ ਆਪ ਚ ਹੀ ਇਕ ਸਿੱਖਿਆ ਹੈ। ਪਾਠਕ੍ਰਮ ਬਦਲਾਅ ਵਿਚਲੇ ਸੁਧਾਰ ਆਮ ਤੌਰ ਤੇ ਇਸ ਪੱਖ ਤੇ ਆਧਾਰਿਤ ਹਨ ਕਿ ਪਾਠਕ੍ਰਮ ਦੀ ਬਣਤਰ ਕਿਸ ਤਰ੍ਹਾਂ ਬਣਾਈ ਗਈ ਹੈ। ਇਕ ਅਜਿਹਾ ਪਾਠਕ੍ਰਮ ਜੋ ਅਣਉਚਿਤ, ਬੋਝ ਵਾਲਾ ਅਤੇ ਉਲਝਾਉਣ ਵਾਲਾ ਹੋਵੇ। ਉਸ ਵਿੱਚ ਬਦਲਾਅ ਲਿਆਉਣ ਦੀ ਜ਼ਰੂਰਤ ਹੁੰਦੀ ਹੈ ਕਿ ਕਿਸ ਤਰ੍ਹਾਂ ਅਧਿਆਪਕ ਸਿਖਾ ਰਿਹਾ ਹੈ ਤੇ ਵਿਦਿਆਰਥੀ ਕਿਸ ਤਰ੍ਹਾਂ ਸਿੱਖ ਰਹੇ ਹਨ। ਪਾਠਕ੍ਰਮ ਬਦਲਾਅ ਦੀ ਲੋੜ ਹੇਠ ਦਿੱਤੇ ਅਨੁਸਾਰ ਹੈ।

1. ਪਾਠਕ੍ਰਮ ਬਦਲਾਅ ਆਪਣੇ ਆਪ (ਸਵੈ ਬਦਲਾਅ) ਲਈ ਪ੍ਰੇਰਣਾ ਸ੍ਰੋਤ ਹੈ।
2. ਪਾਠਕ੍ਰਮ ਬਦਲਾਅ ਸਟੈਕਹੋਲਡਰ (ਹਿੱਤ ਧਾਰਕ) ਨੂੰ ਅਗਲੇ ਪੱਧਰ ਦਾ ਫੈਸਲਾ ਲੈ ਸਕਣ ਦੇ ਯੋਗ ਬਣਾਉਂਦਾ ਹੈ।
3. ਪਾਠਕ੍ਰਮ ਬਦਲਾਅ ਇਕ ਨਵੇਂ ਸਿੱਖਿਅਕ ਫਲਸਫੇ ਦਾ ਵਿਕਾਸ ਕਰਨ ਵਿੱਚ ਸਹਾਈ ਹੁੰਦਾ ਹੈ।
4. ਪਾਠਕ੍ਰਮ ਬਦਲਾਅ ਅਧਿਆਪਨ ਸਿੱਖਣ ਵਾਤਾਵਰਨਾਂ ਵਿੱਚ ਸੁਧਾਰ ਕਰਨ ਵਿੱਚ ਮਦਦਗਾਰ ਹੁੰਦਾ ਹੈ।
5. ਪਾਠਕ੍ਰਮ ਬਦਲਾਅ ਅਧਿਆਪਕ ਅਤੇ ਬੱਚਿਆਂ ਨੂੰ ਨਵੇਂ ਗਿਆਨ ਅਤੇ ਨਵੀਂ ਜਾਣਕਾਰੀ ਨਾਲ ਸੂਚਿਤ ਰੱਖਦਾ ਹੈ।
6. ਪਾਠਕ੍ਰਮ ਬਦਲਾਅ ਨਾਲ ਨਿਰਦੇਸ਼ਨ ਪ੍ਰਕਿਰਿਆ ਨੂੰ ਸੁਧਾਰਿਆ ਜਾ ਸਕਦਾ ਹੈ।

### 1.2.4 ਪਾਠਕ੍ਰਮ ਬਦਲਾਅ ਦੇ ਉਦੇਸ਼ ਅਤੇ ਨਿਸ਼ਾਨੇ :

ਪਾਠਕ੍ਰਮ ਦੇ ਉਦੇਸ਼ ਨੂੰ ਅਜਿਹੀ ਸਮੱਗਰੀ ਦੇ ਤੌਰ ਤੇ ਪੇਸ਼ ਕਰਨਾ ਤਾਂ ਜੋ ਪਾਠਕ੍ਰਮ ਦੇ ਅੰਤਿਮ ਅਤੇ ਇੱਛਤ ਨਤੀਜਿਆਂ ਨੂੰ ਸਪੱਸ਼ਟ ਕੀਤਾ ਜਾ ਸਕੇ। ਉਦੇਸ਼ ਇਕ ਖਾਸ ਚੀਜ਼, ਇਕ ਵਿਸ਼ੇ ਜਾਂ ਫਿਰ ਇਕ ਪੂਰੇ ਪਾਠ ਅਤੇ ਸਿੱਖਣ ਪ੍ਰਕ੍ਰਿਆ ਨਾਲ ਸੰਬੰਧਿਤ ਹੋ ਸਕਦਾ ਹੈ। ਉਦੇਸ਼ ਟੀਚਿਆਂ ਨਾਲੋਂ ਪਾਠਕ੍ਰਮ ਦੇ ਨਤੀਜਿਆਂ ਨੂੰ ਖਾਸ ਨਿਯਮਾਂ ਵਿੱਚ ਸਪੱਸ਼ਟ ਅਤੇ ਵਰਣਨ ਕਰਦੇ ਹਨ। ਉਦੇਸ਼ ਇਹ ਵੀ ਦਿਸ਼ਾ ਨਿਰਦੇਸ਼ ਦਿੰਦਾ ਹੈ ਕਿ ਅਧਿਆਪਕ

ਵਿਦਿਆਰਥੀਆਂ ਨੂੰ ਅਗਵਾਈ ਦੇ ਕੇ ਕਿਸ ਤਰ੍ਹਾਂ ਦੇ ਯੋਗ ਬਣਾਉਣਾ ਚਾਹੁੰਦੇ ਹਨ। ਉਦੇਸ਼ ਅਸਲ ਵਿੱਚ ਇਕ ਅਜਿਹਾ ਵੇਰਵਾ ਹੈ ਜਿਸ ਤੋਂ ਸਾਨੂੰ ਸਿੱਖਿਆ ਦੇ ਨਤੀਜਿਆਂ ਦੀ ਪੂਰਤੀ ਬਾਰੇ ਪਤਾ ਲੱਗਦਾ ਹੈ। ਪਾਠਕ੍ਰਮ ਬਦਲਾਅ ਦੇ ਕੁਝ ਮੁੱਖ ਉਦੇਸ਼ ਅਤੇ ਨਿਸ਼ਾਨੇ ਹੇਠ ਲਿਖੇ ਅਨੁਸਾਰ ਹਨ :

1. ਪਾਠਕ੍ਰਮ ਬਦਲਾਅ ਦਾ ਉਦੇਸ਼ ਵਿਦਿਅਕ ਨੀਤੀਆਂ ਅਤੇ ਵੱਖ-ਵੱਖ ਅਦਾਰਿਆਂ ਅਤੇ ਸਰਕਾਰ ਦੁਆਰਾ ਰਾਜ ਜਾਂ ਕੇਂਦਰ ਦੇ ਪੱਧਰ ਤੇ ਤਿਆਰ ਕੀਤੀ ਗਈ ਪ੍ਰਣਾਲੀ ਦਾ ਅਭਿਆਸ ਕਰਨਾ ਹੈ।
2. ਪਾਠਕ੍ਰਮ ਬਦਲਾਅ ਦਾ ਉਦੇਸ਼ ਸਿੱਖਿਆ ਪ੍ਰਣਾਲੀ ਦੇ ਮਿਆਰਾਂ ਦਾ ਧਿਆਨ ਰੱਖਣਾ ਹੈ ਅਤੇ ਇਹ ਲੋੜ ਅਨੁਸਾਰ ਵੱਖ-ਵੱਖ ਪ੍ਰੋਗਰਾਮਾਂ ਅਤੇ ਮਾਨਤਾ ਪ੍ਰਾਪਤ ਸਿੱਖਿਆ ਮਾਪਦੰਡਾਂ ਨੂੰ ਦਰਸਾਉਂਦਾ ਹੈ।
3. ਪਾਠਕ੍ਰਮ ਬਦਲਾਅ ਦਾ ਉਦੇਸ਼ ਅਜਿਹਾ ਪਾਠਕ੍ਰਮ ਢਾਂਚਾ ਬਣਾਉਣਾ ਹੈ ਜਿਸ ਨਾਲ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਬਦਲਣ ਵਾਲੇ ਗਿਆਨ ਅਤੇ ਹੁਨਰ ਦਾ ਅਰਥ ਪੂਰਨ ਉਪਯੋਗ ਅਤੇ ਵਿਕਾਸ ਹੁੰਦਾ ਹੋਵੇ।
4. ਪਾਠਕ੍ਰਮ ਬਦਲਾਅ ਇਕ ਚੰਗੀ ਸਿੱਖਿਆ ਅਤੇ ਪਾਲਣਾ ਦੋਵਾਂ ਦਾ ਅਭਿਆਸ ਦਰਸਾਉਣ ਵਾਲਾ ਹੋਵੇ।
5. ਪਾਠਕ੍ਰਮ ਬਦਲਾਅ ਵਿਦਿਆਰਥੀਆਂ ਦੀ ਦਿਲਚਸਪੀ ਅਤੇ ਸਮਾਜਿਕ ਤਬਦੀਲੀਆਂ ਦੇ ਅਨੁਸਾਰ ਉਹਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਪਾਠਕ੍ਰਮ ਬਦਲਾਅ ਦਾ ਉਦੇਸ਼ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਮੁਹੱਈਆ ਕਰਵਾਉਣਾ ਹੈ ਜੋ ਉਹਨਾਂ ਨੂੰ ਜੀਵਨ ਵਿਚ ਸਫਲ ਹੋਣ ਲਈ ਚਾਹੀਦੀ ਹੈ।
6. ਪਾਠਕ੍ਰਮ ਬਦਲਾਅ ਦਾ ਉਦੇਸ਼ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਜ਼ਿੰਦਗੀ ਨੂੰ ਚੰਗੇ ਢੰਗ ਨਾਲ ਬਿਤਾਉਣ ਦੀਆਂ ਉਮੀਦਾਂ ਨੂੰ ਪੂਰਾ ਕਰਨਾ ਹੈ।
7. ਪਾਠਕ੍ਰਮ ਬਦਲਾਅ ਦਾ ਉਦੇਸ਼ ਸਿਖਲਾਈ ਦੇਣ ਲਈ ਸੁਰੱਖਿਅਤ ਅਤੇ ਉਦੇਸ਼ ਪੂਰਨ ਵਾਤਾਵਰਨ ਪੈਦਾ ਕਰਨਾ।
8. ਵਿਦਿਆਰਥੀਆਂ ਨੂੰ ਦਿਮਾਗੀ ਰੂਪ ਚ ਉਤਸ਼ਾਹਿਤ ਕਰਨਾ ਅਤੇ ਮੌਕੇ ਪ੍ਰਦਾਨ ਕਰਨਾ ਤਾਂ ਜੋ ਉਹ ਤਰੱਕੀ ਨੂੰ ਹਾਸਿਲ ਕਰ ਸਕਣ।
9. ਪਾਠਕ੍ਰਮ ਬਦਲਾਅ ਦਾ ਨਿਸ਼ਾਨਾ ਸਿੱਖਿਆ ਵਿੱਚ ਆਧੁਨਿਕ ਅਤੇ ਲਚਕਦਾਰ ਵਾਤਾਵਰਨ ਦਾ ਮਾਹੌਲ ਪੈਦਾ ਕਰਨਾ ਹੈ।
10. ਨਵੀਆਂ ਨੀਤੀਆਂ ਦਾ ਪਾਲਣ ਕਰਨਾ ਜਿਸ ਨਾਲ ਵਿਦਿਆਰਥੀ ਹੁਨਰ ਦੀ ਕਿਰਿਆ ਸਿੱਖਣ ਲਈ ਜਾਗਰੂਕ ਹੋਣ।

### 1.2.5 ਪਾਠਕ੍ਰਮ ਬਦਲਾਅ ਦੀਆਂ ਕਿਸਮਾਂ :

ਜੋਹਨ ਮੈਕਲੇ ਨੇ ਪਾਠਕ੍ਰਮ ਬਦਲਾਅ ਦੀਆਂ ਹੇਠ ਲਿਖੀਆਂ ਕਿਸਮਾਂ ਬਾਰੇ ਦੱਸਿਆ ਹੈ :

1. **ਅਲਟਰਨੇਸ਼ਨ :** ਪਾਠਕ੍ਰਮ ਅਲਟਰਨੇਸ਼ਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਪਾਠਕ੍ਰਮ ਬਦਲਾਅ ਦੀ ਅੰਦਰੂਨੀ ਖਾਸ ਸਮੱਗਰੀ ਜਾਂ ਮੌਜੂਦਾ ਪਾਠਕ੍ਰਮ ਨੂੰ ਸਿਖਾਉਣ ਦੀਆਂ ਵਿਧੀਆਂ ਦੀ ਅਦਲ ਬਦਲ ਹੁੰਦੀ ਹੈ। ਇਹ ਪਾਠਕ੍ਰਮ ਬਦਲਾਅ ਸਿੱਖਿਅਕ ਪ੍ਰੋਗਰਾਮਾਂ ਲਈ ਅਨੁਕੂਲਨ ਅਤੇ ਸੁਧਾਰ ਵਿੱਚ ਅਗਵਾਈ ਪ੍ਰਦਾਨ ਕਰਦਾ ਹੈ।
2. **ਪੁਨਰਗਠਨ :** ਪੁਨਰਗਠਨ ਇਕ ਅਜਿਹੀ ਬਦਲਾਅ ਵਿਧੀ ਹੈ ਜਿਸ ਵਿਚ ਚੱਲ ਰਹੇ ਸਿਸਟਮ ਵਿਚ ਹੀ ਸਖਤ ਅੰਦਰੂਨੀ ਬਦਲਾਅ ਲਿਆਂਦਾ ਜਾਂਦਾ ਹੈ। ਪੁਨਰਗਠਨ ਸਿੱਖਿਆ ਦੀਆਂ ਸਖਤ ਅੰਦਰੂਨੀ ਸੰਗਠਿਤ ਪ੍ਰਣਾਲੀਆਂ ਵਿੱਚ ਸੁਧਾਰ ਲਿਆਉਂਦਾ ਹੈ। ਉਦਾਹਰਨ ਦੇ ਤੌਰ ਤੇ ਮਿਲ ਕੇ ਪੜ੍ਹਾਉਣਾ ਸਿਧਾਂਤਕ ਦੀ ਥਾਂ ਵਿਵਹਾਰਿਕ ਸਿੱਖਿਆ ਨਾਲ ਪੜ੍ਹਾਉਣਾ ਇਸ ਅੰਦਰ ਸ਼ਾਮਿਲ ਹੈ।

3. **ਸਬਸਟੀਟਿਊਸ਼ਨ :** ਇਸ ਕਿਸਮ ਦੇ ਪਾਠਕ੍ਰਮ ਵਿੱਚ ਬਦਲਾਅ ਦੇ ਇੱਕ ਤੱਤ ਜਾਂ ਇਕਾਈ ਨੂੰ ਦੂਸਰੇ ਦੁਆਰਾ ਬਦਲਿਆ ਜਾਂਦਾ ਹੈ। ਇਸ ਵਿੱਚ ਇੱਕ ਪੇਪਰ ਜਾਂ ਇਕਾਈ ਨੂੰ ਇੱਕ ਦੂਜੇ ਦੀ ਥਾਂ ਤੇ ਸ਼ਾਮਿਲ ਕੀਤਾ ਜਾਂਦਾ ਹੈ। ਇਹ ਬਦਲਾਅ ਲਾਗੂ ਕਰਨ ਵਿੱਚ ਬਹੁਤ ਸੌਖਾ ਹੁੰਦਾ ਹੈ।

4. **ਪਰਟਰਬੇਸ਼ਨ :** ਬਦਲਾਅ ਦੀ ਇਸ ਕਿਸਮ ਦਾ ਅਰਥ ਬਾਹਰਲੇ ਪ੍ਰਭਾਵ ਦੁਆਰਾ ਜਾਂ ਕਿਸੇ ਰੋਜ਼ਾਨਾ ਸਥਿਤੀ ਦੇ ਵਿਵਹਾਰ ਨਾਲ ਪਾਠਕ੍ਰਮ 'ਚ ਬਦਲਾਅ ਲਿਆਂਦਾ ਜਾਂਦਾ ਹੈ। ਇਹ ਬਦਲਾਅ ਖਾਸ ਪ੍ਰਣਾਲੀ ਰਾਹੀਂ ਸ਼ਾਮਿਲ ਵਿਅਕਤੀਆਂ ਲਈ ਪਰੇਸ਼ਾਨੀ ਦਾਇਕ ਸਾਬਿਤ ਹੁੰਦਾ ਹੈ। ਜਿਸ ਨਾਲ ਸਿਸਟਮ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਇਸ ਦਾ ਇਕ ਦੂਜਾ ਪਹਿਲੂ ਇਹ ਵੀ ਹੈ ਕਿ ਕੁਝ ਬਦਲਾਅ ਸ਼ੁਰੂ 'ਚ ਅਪਣਾਉਣੇ ਬਹੁਤ ਔਖੇ ਲਗਦੇ ਹਨ ਪਰੰਤੂ ਬਾਅਦ ਵਿੱਚ ਉਹੀ ਵੱਧ ਮਹੱਤਵਪੂਰਨ ਸਾਬਿਤ ਹੁੰਦੇ ਹਨ।

5. **ਮੁੱਲ ਆਧਾਰਿਤ ਬਦਲਾਅ :** ਮੁੱਲ ਆਧਾਰਿਤ ਬਦਲਾਅ ਮੂਲ ਰੂਪ ਵਿੱਚ ਇਕ ਦਰਸ਼ਨ ਜਾਂ ਇੱਕ ਬੁਨਿਆਦੀ ਵਿਚਾਰ ਧਾਰਾ ਵੱਲ ਨਿਰਦੇਸ਼ ਦਿੰਦਾ ਹੈ। ਮੁੱਲ ਆਧਾਰਿਤ ਬਦਲਾਅ ਅਜਿਹਾ ਬਦਲਾਅ ਸੀ ਜਿਸ ਦਾ ਆਮ ਤੌਰ ਲੋਕਾਂ ਵੱਲੋਂ ਵਿਰੋਧ ਕੀਤਾ ਜਾਂਦਾ ਹੈ। ਭਾਵ ਲੋਕਾਂ ਦੁਆਰਾ ਇਸ ਨੂੰ ਅਸਵੀਕਾਰ ਕੀਤਾ ਜਾਂਦਾ ਹੈ। ਪਰ ਫੇਰ ਵੀ ਇਸਨੂੰ ਸਫਲ ਬਣਾਉਣ ਲਈ ਅਧਿਆਪਕਾਂ ਦੁਆਰਾ ਇਸ ਪ੍ਰਕਾਰ ਦੇ ਮੁੱਲਾਂ ਨੂੰ ਲੰਮੇ ਸਮੇਂ ਤੱਕ ਜਾਰੀ ਰੱਖਣਾ ਔਖਾ ਹੁੰਦਾ ਹੈ।

### 1.2.6 ਪਾਠਕ੍ਰਮ ਬਦਲਾਅ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ :

ਪਾਠਕ੍ਰਮ ਬਦਲਾਅ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਹੇਠ ਦਿੱਤੇ ਅਨੁਸਾਰ ਹਨ :-

1. **ਗਿਆਨ ਦਾ ਵਿਸਫੋਟ :** ਗਿਆਨ ਦਾ ਵਿਸਫੋਟ ਅਜਿਹਾ ਸ਼ਬਦ ਹੈ ਜਿਸ ਦਾ ਅਰਥ ਹੈ ਮਨੁੱਖੀ ਗਿਆਨ ਵਿਚ ਤੇਜ਼ੀ ਨਾਲ ਵਾਧਾ ਕਰਨਾ। ਗਿਆਨ ਵਿਸਫੋਟ ਵਿਸ਼ਵ ਦੇ ਬਦਲਦੇ ਸਮੇਂ ਦੀ ਮੰਗ ਲਈ ਉਪਲਬਧ ਜਾਣਕਾਰੀ ਅਤੇ ਸਿੱਖਣ ਸਬੰਧੀ ਜ਼ਰੂਰਤ ਨੂੰ ਪੂਰਾ ਕਰਨ ਲਈ ਪਾਠਕ੍ਰਮ ਵਿੱਚ ਬਦਲਾਅ ਕਰਦਾ ਹੈ।

2. **ਫਲਸਫੇ ਅਤੇ ਅਭਿਆਸ ਵਿੱਚ ਵਿਰੋਧਭਾਜ :** ਜਦੋਂ ਫਲਸਫੇ ਅਤੇ ਅਭਿਆਸ ਵਿਚਕਾਰ ਵਿਰੋਧਭਾਜ ਹੁੰਦਾ ਹੈ ਤਾਂ ਪਾਠਕ੍ਰਮ ਬਦਲਾਅ ਆਉਂਦਾ ਹੈ। ਬਹੁਤ ਸਾਰੇ ਪਾਠਕ੍ਰਮ ਬਦਲਾਅ ਇਸ ਵਿਰੋਧਭਾਜ ਨੂੰ ਖਤਮ ਲਈ ਕੀਤੇ ਜਾਂਦੇ ਹਨ।

3. **ਪਾਠਕ੍ਰਮ ਮੁਲਾਂਕਣ :** ਪਾਠਕ੍ਰਮ ਵਿੱਚ ਬਦਲਾਅ ਕਰਨ ਲਈ ਪਾਠਕ੍ਰਮ ਮੁਲਾਂਕਣ ਇੱਕ ਮੁੱਖ ਕਾਰਕ ਹੈ। ਪਾਠਕ੍ਰਮ ਮੁਲਾਂਕਣ ਦੇ ਬਾਅਦ ਇਸ ਦੀਆਂ ਸਿਫਾਰਸ਼ਾਂ ਦੇ ਨਤੀਜੇ ਵਜੋਂ ਪਾਠਕ੍ਰਮ ਬਦਲਾਅ ਕੀਤਾ ਜਾਂਦਾ ਹੈ।

4. **ਸਿੱਖਿਅਕ ਖੋਜ :** ਸਿੱਖਿਅਕ ਖੋਜ ਪਾਠਕ੍ਰਮ ਬਦਲਾਅ ਪਿੱਛੇ ਅਹਿਮ ਪ੍ਰਭਾਵ ਪਾਉਂਦੀ ਹੈ। ਸਿੱਖਿਅਕ ਖੋਜ ਪਾਠਕ੍ਰਮ ਬਦਲਾਅ ਦੇ ਖੇਤਰ ਵਿਚ ਇਸ ਲਈ ਕੀਤੀ ਜਾਂਦੀ ਹੈ ਤਾਂ ਜੋ ਲਾਭਕਾਰੀ ਸਿਫਾਰਸ਼ਾਂ ਨਾਲ ਪ੍ਰਭਾਵੀ ਨਤੀਜਿਆਂ ਨੂੰ ਪ੍ਰਾਪਤ ਕੀਤਾ ਜਾ ਸਕੇ।

5. **ਅਧਿਆਪਕ ਦੀ ਭੂਮਿਕਾ :** ਅਧਿਆਪਕ ਪਾਠਕ੍ਰਮ ਦੀ ਸੰਭਾਲ ਕਰਨ ਵਾਲਾ ਮੁੱਖੀ ਹੁੰਦਾ ਹੈ। ਅਧਿਆਪਕ ਪਹਿਲਾਂ ਤੋਂ ਬਣੇ ਪਾਠਕ੍ਰਮ ਨੂੰ ਗੁਣਵਤਾ ਦੇ ਤਰੀਕੇ ਨਾਲ ਪ੍ਰਯੋਗ ਵਿਚ ਲਿਆਉਂਦਾ ਹੈ ਪਾਠਕ੍ਰਮ ਨੂੰ ਬਦਲਣ ਵਿਚ ਅਧਿਆਪਕ ਮੁੱਖ ਭੂਮਿਕਾ ਨਿਭਾਉਂਦਾ ਹੈ। ਅਧਿਆਪਕ ਨੂੰ ਪਾਠਕ੍ਰਮ ਦੇ ਚੰਗੇ ਤੇ ਮਾੜੇ ਪਹਿਲੂਆਂ ਦਾ ਪਤਾ ਹੁੰਦਾ ਹੈ ਅਤੇ ਇਸ ਲਈ ਉਹ ਇਸਨੂੰ ਵਧੀਆ ਬਣਾਉਣ ਲਈ ਚੰਗਾ ਸੁਝਾਅ ਦੇ ਸਕਦਾ ਹੈ।

6. **ਪ੍ਰਸ਼ਾਸਨ :** ਪਾਠਕ੍ਰਮ ਨੂੰ ਬਦਲਣ ਦੀ ਪ੍ਰਕਿਰਿਆ ਪ੍ਰਸ਼ਾਸਨ ਅਧੀਨ ਹੁੰਦੀ ਹੈ। ਪ੍ਰਸ਼ਾਸਨ ਇਸ ਗੱਲ ਨੂੰ ਨਿਰਧਾਰਿਤ ਕਰਦਾ ਹੈ ਕਿ ਪਾਠਕ੍ਰਮ ਬਦਲਾਅ ਵਿਚ ਕਿਸ ਪ੍ਰਕਾਰ ਦੀ ਤਬਦੀਲੀ ਲਿਆਉਣੀ ਹੈ। ਮੁੱਖ

ਅਧਿਆਪਕ, ਪ੍ਰਿੰਸੀਪਲ ਅਤੇ ਹੋਰ ਪ੍ਰਬੰਧਕੀ ਮੈਂਬਰ ਆਪਣੀਆਂ ਕੋਸ਼ਿਸ਼ਾਂ ਨਾਲ ਪਾਠਕ੍ਰਮ ਬਦਲਾਅ ਕਰਨ ਉੱਤੇ ਆਪਣਾ ਪ੍ਰਭਾਵ ਪਾਉਂਦੇ ਹਨ।

7. **ਉਪਲੱਬਧ ਸਾਧਨ ਅਤੇ ਸਹੂਲਤਾਂ :** ਖਾਸ ਸੰਸਥਾਵਾਂ ਦੇ ਮੌਜੂਦਾ ਸਾਧਨ ਅਤੇ ਸੁਵਿਧਾਵਾਂ ਵੀ ਪਾਠਕ੍ਰਮ ਬਦਲਾਅ ਨੂੰ ਡੂੰਘੇ ਰੂਪ ਨਾਲ ਪ੍ਰਭਾਵਿਤ ਕਰਦੇ ਹਨ। ਇਸ ਵਿਚ ਮੌਜੂਦਾ ਸਮੇਂ ਵਿੱਚ ਨਵੀਆਂ ਆ ਰਹੀਆਂ ਤਕਨੀਕਾਂ, ਮਸ਼ੀਨਾਂ ਅਤੇ ਢਾਂਚੇ ਦੇ ਆਧਾਰ ਤੇ ਪਾਠਕ੍ਰਮ ਨੂੰ ਬਦਲਣ ਦੀਆਂ ਮੰਗਾਂ ਕੀਤੀਆਂ ਜਾਂਦੀਆਂ ਹਨ।
8. **ਵਿਦਿਆਰਥੀਆਂ ਦੀਆਂ ਜ਼ਰੂਰਤਾਂ ਅਤੇ ਸਮਰਥਾਵਾਂ :** ਆਧੁਨਿਕ ਸਿੱਖਿਆ ਵਿਦਿਆਰਥੀ ਕੇਂਦਰਤ ਹੈ ਜੋ ਕਿ ਸਿੱਖਿਆਰਥੀ ਦੀਆਂ ਜ਼ਰੂਰਤਾਂ ਤੇ ਸਮਰੱਥਾਵਾਂ ਦੇ ਜ਼ੋਰ ਦਿੰਦੀ ਹੈ। ਜੇਕਰ ਪਾਠਕ੍ਰਮ ਸਿੱਖਿਆਰਥੀਆਂ ਦੀਆਂ ਮਨੋਵਿਗਿਆਨਕ ਲੋੜਾਂ ਦੀ ਪੂਰਤੀ ਨਹੀਂ ਕਰਦਾ ਤਾਂ ਉਸ ਵਿਚ ਤਬਦੀਲੀ ਕਰਨ ਦੀ ਜ਼ਰੂਰਤ ਪੈਂਦੀ ਹੈ।
9. **ਰੋਜ਼ਗਾਰ ਦੇ ਪੱਖ :** ਪਾਠਕ੍ਰਮ ਨੂੰ ਬਦਲਣ ਦੀ ਜ਼ਰੂਰਤ ਤਾਂ ਵੀ ਹੈ ਤਾਂ ਜੋ ਰੋਜ਼ਗਾਰ ਦੇ ਦ੍ਰਿਸ਼ਟੀਕੋਣ ਵਿਚ ਵੱਡੀ ਤਬਦੀਲੀ ਆਵੇ। ਪਾਠਕ੍ਰਮ ਬਦਲਾਅ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜੋ ਭਵਿੱਖ ਵਿਚ ਵਿਦਿਆਰਥੀਆਂ ਨੂੰ ਨੌਕਰੀ ਜਾਂ ਰੋਜ਼ਗਾਰ ਦਵਾ ਸਕੇ।
10. **ਆਰਥਿਕ ਸਾਧਨ :** ਪਾਠਕ੍ਰਮ ਬਦਲਣ ਵਿਚ ਆਰਥਿਕ ਸਾਧਨ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਾਠਕ੍ਰਮ ਨੂੰ ਲਾਗੂ ਤਾਂ ਹੀ ਕੀਤਾ ਜਾ ਸਕਦਾ ਹੈ, ਜੇਕਰ ਸਾਡੇ ਕੋਲ ਸਹੀ ਢਾਂਚਾ ਅਤੇ ਸਾਧਨਾਂ ਨੂੰ ਪ੍ਰਾਪਤ ਕਰਨ ਲਈ ਲੋੜੀਂਦੀ ਆਰਥਿਕ ਸਾਧਨ ਮੌਜੂਦ ਹੋਣਗੇ।
11. **ਵਿਸ਼ਵੀਕਰਨ :** ਵਿਸ਼ਵੀਕਰਨ ਪਾਠਕ੍ਰਮ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਪੂਰੇ ਸੰਸਾਰ ਦੀਆਂ ਸਿੱਖਿਆ ਪ੍ਰਣਾਲੀਆਂ ਅਤੇ ਸਿੱਖਿਅਕ ਆਪਸ ਵਿਚ ਜੁੜੇ ਹੋਏ ਹਨ। ਸਿੱਖਿਆ ਵਿਚ ਆਦਾਨ-ਪ੍ਰਦਾਨ ਦੇ ਇਹ ਤਰੀਕੇ ਪਾਠਕ੍ਰਮ ਬਦਲਾਅ ਦੀ ਮੰਗ ਕਰਦੇ ਹਨ। ਬਹੁਤ ਸਾਰੇ ਅਰਥ ਕਈ ਹੋਰ ਦੇਸ਼ਾਂ ਅਤੇ ਸਭਿਆਚਾਰਾਂ ਤੋਂ ਵੀ ਹਾਸਲ ਕੀਤੇ ਜਾ ਸਕਦੇ ਹਨ।
12. **ਸਮਾਜਿਕ ਕਾਰਕ :** ਸਮਾਜਿਕ ਕਾਰਕ ਜਿਵੇਂ ਕਿ ਸਮਾਜਿਕ ਜ਼ਰੂਰਤਾਂ, ਮੰਗਾਂ ਅਤੇ ਨਵੇਂ ਬਦਲ ਰਹੇ ਰੁਝਾਨ ਵੀ ਪਾਠਕ੍ਰਮ ਤਬਦੀਲੀ ਨੂੰ ਉਤਸ਼ਾਹਿਤ ਕਰਦੇ ਹਨ।
13. **ਰਾਜਨੀਤਿਕ ਕਾਰਕ :** ਬਹੁਤ ਸਾਰੀਆਂ ਰਾਜ ਪੱਧਰੀ ਨੀਤੀਆਂ ਵੀ ਸਿੱਖਿਆ ਨਾਲ ਸੰਬੰਧਿਤ ਨੀਤੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਸਰਕਾਰੀ ਪੱਧਰ ਤੇ ਤਿਆਰ ਕੀਤੀਆਂ ਗਈਆਂ ਵੱਖ-ਵੱਖ ਸਕੀਮਾਂ ਕਈ ਨਵੀਆਂ ਸਕੀਮਾਂ ਅਤੇ ਪ੍ਰੋਗਰਾਮ ਦਾ ਵਿਕਾਸ ਸ਼ੁਰੂ ਕਰਦੀਆਂ ਹਨ ਜਿਸ ਨਾਲ ਪਾਠਕ੍ਰਮ ਵਿਚ ਤਬਦੀਲੀ ਆਉਂਦੀ ਹੈ।

### 1.2.7 ਪਾਠਕ੍ਰਮ ਬਦਲਾਅ ਵਿਚ ਵੱਖ-ਵੱਖ ਏਜੰਸੀਆਂ ਦੀ ਭੂਮਿਕਾ :

ਪਾਠਕ੍ਰਮ ਬਦਲਾਅ ਦੀ ਸ਼ੁਰੂਆਤ ਦੇ ਬਹੁਤ ਸਾਰੇ ਕਾਰਕ ਹਨ। ਇਸੇ ਤਰ੍ਹਾਂ ਬਹੁਤ ਸਾਰੀਆਂ ਏਜੰਸੀਆਂ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਪਾਠਕ੍ਰਮ ਬਦਲਾਅ ਵਿਚ ਮੁੱਖ ਭੂਮਿਕਾ ਨਿਭਾਉਂਦੀਆਂ ਹਨ। ਜਿਨ੍ਹਾਂ ਵਿਚੋਂ ਕੁਝ ਹੇਠ ਲਿਖੇ ਅਨੁਸਾਰ ਹਨ :-

1. **ਕਮਿਊਨਿਟੀ :** ਪਾਠਕ੍ਰਮ ਅਤੇ ਭਾਈਚਾਰੇ ਦੀਆਂ ਲੋੜਾਂ ਦੇ ਸੰਬੰਧ ਵਿੱਚ ਬਹੁਤ ਸਾਰੇ ਮਹੱਤਵਪੂਰਨ ਸਵਾਲ ਹਨ। ਸਿੱਖਿਆ ਪ੍ਰਕਿਰਿਆ ਵਿਚ ਭਾਈਚਾਰਕ ਭਾਗੀਦਾਰੀ, ਭਾਈਚਾਰੇ ਦੀ ਇੱਛਾ ਅਤੇ ਭਾਈਚਾਰਕ ਮੈਂਬਰਸ਼ਿਪ ਸਿੱਖਿਅਕ ਕਮੇਟੀਆਂ ਵਿਚ ਪਾਠਕ੍ਰਮ ਦੇ ਬਦਲਾਅ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤੋਂ ਬਿਨ੍ਹਾਂ ਮਾਤਾ-ਪਿਤਾ, ਅਧਿਆਪਕ ਅਤੇ ਭਾਈਚਾਰੇ ਦੇ ਲੋਕਾਂ ਦਾ ਆਰਥਿਕ ਪੱਧਰ ਪਾਠਕ੍ਰਮ ਬਦਲਾਅ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵਿਦਿਆਰਥੀਆਂ ਦੀ ਪਿੱਠਭੂਮੀ ਉਹਨਾਂ ਦੀਆਂ ਜ਼ਰੂਰਤਾਂ ਦਾ ਨਿਰਣਾ ਕਰਦੀ ਹੈ ਅਤੇ ਮਾਪਿਆਂ ਦੀ ਇੱਛਾਵਾਂ ਅਤੇ ਉਮੀਦਾਂ ਪਾਠਕ੍ਰਮ ਬਦਲਾਅ

ਲਈ ਪਾਠਕ੍ਰਮ ਡਿਜ਼ਾਇਨਰਾਂ ਨੂੰ ਨਿਰਦੇਸ਼ ਦਿੰਦੇ ਹਨ। ਭਾਈਚਾਰੇ ਦੇ ਮੈਂਬਰਾਂ ਦੀ ਸਕੂਲ ਜਾਂ ਕਾਲਜ ਨਾਲ ਸਾਂਝ ਇਕ ਵਧੀਆ ਪਾਠਕ੍ਰਮ ਬਦਲਾਅ ਦਾ ਨਤੀਜਾ ਬਣਦੀ ਹੈ।

2. **ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਮਾਣੀਕਰਨ ਸੰਸਥਾਵਾਂ :** ਕਈ ਹੋਰ ਵੀ ਸਕਾਰਾਤਮਕ ਸਾਧਨ ਪਾਠਕ੍ਰਮ ਵਿਚ ਬਦਲਾਅ ਨੂੰ ਪ੍ਰਭਾਵਿਤ ਕਰਦੇ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਪਾਠਕ੍ਰਮ ਬਦਲਾਅ ਲਈ ਬਹੁਤ ਸਾਰੇ ਪ੍ਰੋਗਰਾਮ ਉਲੀਕਦੀਆਂ ਹਨ। ਇਹ ਸੰਸਥਾਵਾਂ ਪਾਠਕ੍ਰਮ ਬਦਲਾਅ ਲਈ ਮਾਰਗਦਰਸ਼ਕ ਬਣਦੀਆਂ ਹਨ। ਰਾਸ਼ਟਰੀ ਫਰੇਮ ਵਰਕ 2005 ਇਸ ਦੀ ਮੁੱਖ ਉਦਾਹਰਣ ਹੈ ਜੋ N.C.E.R.T. ਅਤੇ C.B.S.E. ਦੋਵਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਦੁਆਰਾ ਤਿਆਰ ਕੀਤਾ ਗਿਆ।

3. **ਸਰਕਾਰ :** ਸਰਕਾਰ ਅਤੇ ਰਾਜਨੀਤਿਕ ਵਿਚਾਰਧਾਰਾਵਾਂ ਵੀ ਪਾਠਕ੍ਰਮ ਬਦਲਾਅ ਲਈ ਡੂੰਘੀ ਭੂਮਿਕਾ ਨਿਭਾਉਂਦੀਆਂ ਹਨ। ਸਰਕਾਰ ਸਿੱਖਿਆ ਪ੍ਰਕਿਰਿਆ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਕਈ ਪ੍ਰਕਾਰ ਦੀਆਂ ਸਿੱਖਿਆ ਨੀਤੀਆਂ ਤਿਆਰ ਕਰਦੀ ਹੈ। ਇਹਨਾਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਦੁਆਰਾ ਰਾਜ ਤੇ ਕੇਂਦਰ ਸਰਕਾਰ ਪਾਠਕ੍ਰਮ ਵਿਚ ਬਦਲਾਅ ਲਿਆਉਂਦੀਆਂ ਹਨ। ਸਰਕਾਰ ਸਿੱਖਿਆ ਦੇ ਵੱਖ-ਵੱਖ ਵਿਭਾਗਾਂ ਦੇ ਡਾਇਰੈਕਟਰ ਜਿਵੇਂ ਬਾਲਕ ਸਿੱਖਿਆ, ਤਕਨੀਕੀ ਸਿੱਖਿਆ, ਪ੍ਰਾਇਮਰੀ, ਸੈਕੰਡਰੀ ਅਤੇ ਯੂਨੀਵਰਸਿਟੀ ਸਿੱਖਿਆ ਵਿੱਚ ਗੁੱਣਵਤਾ ਨੂੰ ਯਕੀਨੀ ਬਣਾਉਣ ਲਈ ਪਾਠਕ੍ਰਮ ਵਿਚ ਬਦਲਾਅ ਕਰਨ ਲਈ ਮਜ਼ਬੂਰ ਕਰਦੀਆਂ ਹਨ।

4. **ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ :** ਵੱਖ-ਵੱਖ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਚੰਗੀ ਖੋਜ ਲਈ ਕੇਂਦਰ ਬਿੰਦੂ ਸਾਬਿਤ ਹੁੰਦੀਆਂ ਹਨ। ਪਾਠਕ੍ਰਮ ਇਕ ਅਜਿਹਾ ਵਿਸ਼ਵਾਸੀ ਖੇਤਰ ਹੈ ਜਿਸ ਵਿੱਚ ਖੋਜ ਨੂੰ ਡੂੰਘਾਈ ਨਾਲ ਕਰਵਾਇਆ ਜਾਂਦਾ ਹੈ ਅਤੇ ਕਈ ਪ੍ਰਕਾਰ ਦੇ ਸੁਝਾਅ ਦਿੱਤੇ ਜਾਂਦੇ ਹਨ ਜੋ ਪਾਠਕ੍ਰਮ ਵਿੱਚ ਬਦਲਾਅ ਵਿੱਚ ਲਾਗੂ ਕੀਤੇ ਜਾ ਸਕਦੇ ਹਨ।

5. **ਸਿੱਖਿਅਕ ਸੰਸਥਾਵਾਂ :** ਸਿੱਖਿਅਕ ਸੰਸਥਾਵਾਂ ਜਿਵੇਂ ਕਿ ਸਕੂਲ, ਕਾਲਜ ਅਤੇ ਸਿਖਲਾਈ ਸੰਸਥਾਵਾਂ ਆਦਿ ਸਿੱਖਿਆ ਪਾਠਕ੍ਰਮ ਵਿੱਚ ਬਦਲਾਅ ਦੀਆਂ ਮਹੱਤਵਪੂਰਨ ਏਜੰਸੀਆਂ ਹਨ। ਅਧਿਆਪਕ, ਸਿੱਖਿਅਕ ਨੇਤਾ ਜਿਵੇਂ ਕਿ ਮੁੱਖ ਅਧਿਆਪਕ, ਪ੍ਰਿੰਸੀਪਲ ਅਤੇ ਵਿਭਾਗ ਦੇ ਮੁਖੀ ਪਾਠਕ੍ਰਮ ਦੇ ਅਭਿਆਸ ਦੇ ਕਰੀਬ ਹੁੰਦੇ ਹਨ। ਅਧਿਆਪਕਾਂ ਅਤੇ ਵਿਦਿਅਕ ਨੇਤਾਵਾਂ ਨੂੰ ਪਾਠਕ੍ਰਮ ਦੀ ਲੋੜ ਅਤੇ ਬਦਲਾਅ ਬਾਰੇ ਪਤਾ ਹੁੰਦਾ ਹੈ। ਉਹਨਾਂ ਨੂੰ ਸਕੂਲਾਂ ਅਤੇ ਕਾਲਜਾਂ ਦੇ ਪੱਧਰ ਤੇ ਵੱਖ-ਵੱਖ ਗਤੀਵਿਧੀਆਂ ਦੀ ਅਸਲ ਜਾਣਕਾਰੀ ਹੁੰਦੀ ਹੈ। ਸਿੱਖਿਅਕ ਸੰਸਥਾਵਾਂ ਅਤੇ ਅਧਿਆਪਕ ਅਸਲ ਵਿੱਚ ਸਿੱਖਿਅਕ ਨੇਤਾਵਾਂ ਨਾਲ ਮਿਲਕੇ ਪਾਠਕ੍ਰਮ ਵਿੱਚ ਪ੍ਰਭਾਵੀ ਬਦਲਾਅ ਕਰਨ ਵਿੱਚ ਕਾਮਯਾਬ ਏਜੰਟ ਸਾਬਿਤ ਹੁੰਦੇ ਹਨ।

6. **ਸਮਾਜਿਕ ਕਲੱਬ :** ਸਮਾਜਿਕ ਗਰੁੱਪ ਲੋਕਾਂ ਦਾ ਅਜਿਹਾ ਸਮੂਹ ਹੁੰਦਾ ਹੈ ਜੋ ਸਧਾਰਨ ਰੁਚੀਆਂ, ਕਿਤੇ ਜਾਂ ਗਤੀਵਿਧੀਆਂ ਨਾਲ ਬਣਦੇ ਹਨ। ਜਿਹੜੇ ਲੋਕ ਸਮਾਜਿਕ ਗਰੁੱਪ ਦੇ ਮੈਂਬਰ ਹੁੰਦੇ ਹਨ ਉਹ ਪਾਠਕ੍ਰਮ ਸੁਧਾਰ ਵਿੱਚ ਦਿਲਚਸਪੀ ਦਿਖਾਉਂਦੇ ਹਨ ਅਤੇ ਪਾਠਕ੍ਰਮ ਬਦਲਾਅ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਦੇ ਹਨ।

7. **ਪੇਸ਼ਾਵਰ ਗਰੁੱਪ :** ਪੇਸ਼ਾਵਰ ਗਰੁੱਪ ਤੋਂ ਭਾਵ ਅਜਿਹੇ ਪੇਸ਼ਾਵਰ ਸੰਗਠਨ ਤੋਂ ਹੈ ਜੋ ਸਮਾਜ ਵਿੱਚ ਇਕ ਸਮਾਨ ਕਿੱਤੇ ਨਾਲ ਸੰਬੰਧ ਰੱਖਦੇ ਹਨ ਅਤੇ ਪੇਸ਼ਾਵਰ ਕਿੱਤਿਆਂ ਵਿੱਚ ਰਚੀ ਰੱਖਦੇ ਹਨ। ਇਸ ਪ੍ਰਕਾਰ ਦੇ ਪੇਸ਼ਾਵਰਾ ਗਰੁੱਪਾਂ ਦੀ ਪਿੱਠਭੂਮੀ ਸਿੱਖਿਅਕ ਖੇਤਰ ਵਿਚ ਅਧਿਆਪਕ ਜਾਂ ਖੋਜਕਰਤਾ ਵਰਗੀ ਹੁੰਦੀ ਹੈ ਜੋ ਪਾਠਕ੍ਰਮ ਬਦਲਾਅ ਨਾਲ ਸੰਬੰਧਿਤ ਹੁੰਦੇ ਹਨ। ਇਸ ਤਰ੍ਹਾਂ ਨਾਲ ਇਹ ਪੇਸ਼ਾਵਰ ਗਰੁੱਪ ਪਾਠਕ੍ਰਮ ਬਦਲਾਅ ਵਿਚ ਇਕ ਏਜੰਟ ਵਾਂਗ ਕੰਮ ਕਰਦੇ ਹਨ।

ਉਪਰ ਦਿੱਤੇ ਸਾਰੇ ਅਦਾਰੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸਕੂਲ, ਅਧਿਆਪਕ ਅਤੇ ਸਿੱਖਿਅਕ ਨੇਤਾ ਆਪਣੇ ਸੰਬੰਧਾਂ ਨਾਲ ਪਾਠਕ੍ਰਮ ਵਿੱਚ ਬਦਲਾਅ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਇਸ ਤੋਂ ਬਿਨ੍ਹਾਂ ਸਰਦਾਰੀ ਅਦਾਰੇ ਜਿਵੇਂ N.C.E.R.T ਅਤੇ C.B.S.E ਅਤੇ ਸਮਾਜਿਕ ਗਰੁੱਪ ਵੀ ਪਾਠਕ੍ਰਮ ਬਦਲਾਅ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਪਾਉਂਦੇ ਹਨ।

### ਪਾਠ ਵਿਚਲੇ ਲਘੂ ਪ੍ਰਸ਼ਨ

1. ਪਾਠਕ੍ਰਮ ਬਦਲਾਅ ਕੀ ਹੁੰਦਾ ਹੈ?

..........................................................................................................

..........................................................................................................

2. ਰਾਜਨੀਤਿਕ ਕਾਰਕ ਪਾਠਕ੍ਰਮ ਬਦਲਾਅ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?

..........................................................................................................

..........................................................................................................

### 1.2.8 ਪਾਠਕ੍ਰਮ ਬਦਲਾਅ ਵਿੱਚ ਰੁਕਾਵਟਾਂ :

ਪਾਠਕ੍ਰਮ ਬਦਲਾਅ ਦੇ ਪੁਨਰਗਠਨ ਅਤੇ ਇਸ ਨੂੰ ਲਾਗੂ ਕਰਨ ਦੇ ਰਸਤੇ ਦੀ ਪ੍ਰਕਿਰਿਆ ਵਿੱਚ ਕਈ ਪ੍ਰਕਾਰ ਦੀਆਂ ਰੁਕਾਵਟਾਂ ਆਉਂਦੀਆਂ ਹਨ। ਜਿਥੇ ਨਵੀਨਤਾ ਹੁੰਦੀ ਹੈ, ਉਥੇ ਇਹ ਪ੍ਰਸ਼ਨ ਜ਼ਰੂਰ ਉੱਠਦਾ ਹੈ ਕਿ ਨਵਾਂ ਵਿਚਾਰ ਕਿਵੇਂ ਫੈਲੇਗਾ ਅਤੇ ਇਸ ਦੇ ਬਦਲਾਅ ਦੌਰਾਨ ਬਹੁਤ ਸਾਰੀਆਂ ਚੁਣੌਤੀਆਂ ਆਉਣਗੀਆਂ। ਇਹ ਇਕ ਸੱਚਮੁੱਚ ਚਿੰਤਾ ਦਾ ਵਿਚਾਰ ਹੈ। ਪਾਠਕ੍ਰਮ ਬਦਲਾਅ ਦੇ ਰਸਤੇ ਵਿੱਚ ਕੁੱਝ ਹੇਠ ਲਿਖੀਆਂ ਰੁਕਾਵਟਾਂ ਆਉਂਦੀਆਂ ਹਨ :

1. **ਜਾਗਰੂਕਤਾ ਦੀ ਘਾਟ :** ਜ਼ਿਆਦਾਤਰ ਅਧਿਆਪਕ, ਵਿਦਿਆਰਥੀ ਅਤੇ ਸਮਾਜ ਦੇ ਲੋਕ ਬਦਲਾਅ ਦੀ ਮਹੱਤਤਾ ਤੋਂ ਜਾਣੂ ਨਹੀਂ ਹੁੰਦੇ। ਉਹ ਜਾਣੇ-ਅਣਜਾਣੇ ਵਿੱਚ ਵਿਰੋਧ ਕਰ ਦਿੰਦੇ ਹਨ। ਉਹ ਸੋਧੇ ਗਏ ਪਾਠਕ੍ਰਮ ਪ੍ਰਤੀ ਜ਼ਿਆਦਾ ਜਾਗਰੂਕ ਨਹੀਂ ਹੁੰਦੇ। ਇਸ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਕੁਝ ਜਾਗਰੂਕਤਾ ਕੈਂਪ ਲਗਾਉਣ ਦੀ ਵੀ ਲੋੜ ਹੈ।

2. **ਕੁ-ਆਰਾਮਦਾਇਕ ਸਥਿਤੀ :** ਪ੍ਰਬੰਧਕ ਅਤੇ ਅਧਿਆਪਕ ਪਾਠਕ੍ਰਮ ਵਿਚ ਤਬਦੀਲੀ ਨੂੰ ਰੋਕ ਦਿੰਦੇ ਹਨ ਕਿਉਂਕਿ ਉਹ ਪਹਿਲਾਂ ਤੋਂ ਚੱਲ ਰਹੇ ਪਾਠਕ੍ਰਮ ਵਿਚ ਅਰਾਮਦਾਇਕ ਮਹਿਸੂਸ ਕਰਦੇ ਹਨ। ਜੇਕਰ ਸਿੱਖਿਅਕ ਸੰਸਥਾਵਾਂ ਵਧੀਆ ਕੰਮ ਕਰਨ ਤਾਂ ਮਾਪੇ ਅਤੇ ਸਮਾਜਿਕ ਮੈਂਬਰ ਕਦੇ ਵੀ ਇਹ ਬਦਲਾਅ ਨਹੀਂ ਕਰਨਗੇ। ਇਸ ਲਈ ਸਟੇਕਹੋਲਡਰ ਦੀ ਪਾਠਕ੍ਰਮ ਸਬੰਧੀ ਮਾਨਸਿਕਤਾ ਬਦਲਣ ਲਈ ਜਾਲ ਵਿਛਾਉਣਾ ਪੈਂਦਾ ਹੈ।

3. **ਸਰੋਤਾਂ ਦੀ ਘਾਟ (ਸੋਮਿਆਂ ਦੀ ਕਮੀ) :** ਬੁਨਿਆਦੀ ਢਾਂਚੇ ਕਿਤਾਬਾਂ, ਉਪਕਰਨ ਅਤੇ ਸਭ ਤੋਂ ਜ਼ਰੂਰੀ ਆਦਮੀ ਸ਼ਕਤੀ ਦੀ ਘਾਟ ਪਾਠਕ੍ਰਮ ਬਦਲਾਅ ਤੇ ਅਸਰ ਪਾਉਂਦੀ ਹੈ। ਕੰਪਿਊਟਰਾਂ ਦੀ ਕਮੀ ਹੈ, ਕੰਪਿਊਟਰ ਪ੍ਰਯੋਗਸ਼ਾਲਾ ਦੀ ਕਮੀ ਹੈ ਅਤੇ ਹੋਰ ਜ਼ਰੂਰੀ ਦੇ ਉਪਕਰਨ ਨਹੀਂ ਹਨ ਅਤੇ ਤਕਨੀਕੀ ਹੁਨਰ ਵਾਲਾ ਸਟਾਫ ਵੀ ਨਹੀਂ ਹੈ ਇਸ ਲਈ ਪਾਠਕ੍ਰਮ ਬਦਲਾਅ ਨੂੰ ਤਕਨੀਕੀ ਆਧਾਰ ਤੇ ਪੂਰੀ ਤਰ੍ਹਾਂ ਲਾਗੂ ਕਰਨਾ ਅਸੰਭਵ ਹੈ। ਇਸ ਲਈ ਉਪਰ ਦਿੱਤੇ ਗਏ ਸਾਰੇ ਸਰੋਤ ਪ੍ਰਭਾਵੀ ਪਾਠਕ੍ਰਮ ਬਦਲਾਅ ਲਈ ਅਤਿ ਜ਼ਰੂਰੀ ਹਨ।

4. **ਅਵਿਸ਼ਵਾਸੀ ਉਮੀਦਾਂ :** ਅਧਿਕਾਰੀਆਂ ਦੁਆਰਾ ਦਿੱਤੀਆਂ ਜਾਂਦੀਆਂ ਅਵਿਸ਼ਵਾਸੀ ਉਮੀਦਾਂ ਵੀ ਪਾਠਕ੍ਰਮ ਬਦਲਾਅ ਦੀ ਪ੍ਰਕਿਰਿਆ ਨੂੰ ਅਸਫਲ ਬਣਾਉਂਦੀਆਂ ਹਨ। ਜੇਕਰ ਕੋਈ ਇਕਦਮ ਬਦਲਾਅ ਅਤੇ ਤੁਰੰਤ ਸਫਲ ਹੋਣ ਦੀ ਉਮੀਦ ਕਰਦਾ ਹੈ, ਤਾਂ ਇਹ ਅਜਿਹੀ ਸਥਿਤੀ ਬਣ ਜਾਂਦੀ ਹੈ ਕਿ ਪਾਠਕ੍ਰਮ ਵਿੱਚ ਬਦਲਾਅ ਨੂੰ ਲਾਗੂ ਕਰਨਾ ਔਖਾ ਹੋ ਜਾਂਦਾ ਹੈ।

5. **ਗੈਰ-ਸਹਿਯੋਗੀ ਰਵੱਈਆ :** ਖੋਜਕਰਤਾ ਇਹ ਵਿਸ਼ਵਾਸ ਕਰਦੇ ਹਨ ਕਿ ਪਾਠਕ੍ਰਮ ਬਦਲਾਅ ਪ੍ਰਤੀ ਨਕਾਰਤਮਿਕ ਵਿਵਹਾਰ ਬਹੁਤ ਨਿਰਾਸ਼ਾਜਨਕ ਹੈ ਜੋ ਇਕ ਅਜਿਹੀ ਬਿਮਾਰੀ ਦੀ ਤਰ੍ਹਾਂ ਹੈ ਜਿਸ ਨੂੰ ਦੂਰ ਕਰਨਾ ਬਹੁਤ ਮੁਸ਼ਕਿਲ ਹੈ। ਅਧਿਆਪਕ ਸੋਚਦੇ ਹਨ ਕਿ ਵਿਦਿਆਰਥੀ ਇਸ ਬਦਲਾਅ ਨੂੰ ਸਵੀਰ ਨਹੀਂ ਕਰ ਪਾਉਣਗੇ ਅਤੇ ਦੂਸਰੇ ਪਾਸੇ ਪ੍ਰਿੰਸੀਪਲ ਇਹ ਪਹਿਲਾਂ ਹੀ ਫੈਸਲਾ ਕਰ ਲੈਂਦੇ ਹਨ ਕਿ ਅਧਿਆਪਕ ਇਸ ਬਦਲਾਅ ਨਾਲ ਮੁਕਾਬਲਾ ਨਹੀਂ ਕਰ ਸਕਣਗੇ। ਇਸ ਤੋਂ ਬਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਇਹ ਸੋਚਦੇ ਹਨ ਕਿ ਉਹਨਾਂ ਦੀਆਂ ਜ਼ਰੂਰਤਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ।

6. **ਸਮੇਂ ਅਤੇ ਨਿਯੰਤਰਣ ਦੀ ਕਮੀ :** ਸਮੇਂ ਅਤੇ ਨਿਯੰਤਰਣ ਦੀ ਕਮੀ ਪਾਠਕ੍ਰਮ ਬਦਲਾਅ ਉੱਤੇ ਬਹੁਤ ਬੁਰੀ ਤਰ੍ਹਾਂ ਪ੍ਰਭਾਵ ਪਾਉਂਦੀ ਹੈ। ਪਾਠਕ੍ਰਮ ਵਿੱਚ ਕਿਸੇ ਵੀ ਬਦਲੇ ਪੱਖ ਨੂੰ ਸਵੀਕਾਰ ਕਰਨ ਵਿੱਚ ਸਮਾਂ ਲੱਗਦਾ ਹੈ। ਬਹੁਤਾ ਸਮਾਂ ਨਵੀਆਂ ਰਣਨੀਤੀਆਂ ਤਿਆਰ ਕਰਨ ਅਤੇ ਕਾਗਜੀ ਕੰਮ ਕਰਨ ਲਈ ਦਿੱਤਾ ਜਾਂਦਾ, ਜਦਕਿ ਇਹ ਸਮਾਂ ਸਟੈਕ ਹੋਲਡਰ ਨੂੰ ਜਾਗਰੂਕ ਕਰਨ ਅਤੇ ਸਟਾਫ ਨੂੰ ਟ੍ਰੇਨ ਕਰਨ ਲਈ ਲਗਾਉਣਾ ਚਾਹੀਦਾ ਹੈ ਤਾਂ ਜੋ ਪਾਠਕ੍ਰਮ ਬਦਲਾਆਂ ਦੀ ਪ੍ਰਕਿਰਿਆ ਅਸਾਨ ਹੋ ਸਕੇ।

7. **ਮਾਨਸਿਕਤਾ :** ਪਾਠਕ੍ਰਮ ਬਦਲਾਅ ਵਿੱਚ ਸਟੈਕ ਹੋਲਡਰ ਦੀ ਦਿਲਚਸਪੀ ਨਾ ਹੋਣਾ ਵੀ ਇਕ ਹੋਰ ਵੱਡੀ ਰੁਕਾਵਟ ਹੈ। ਇਸ ਵਿੱਚ ਪਾਠਕ੍ਰਮ ਨਾਲ ਕਿਰਿਆ ਕਰ ਰਿਹਾ ਆਦਮੀ ਸ਼ਕਤੀ ਦਾ ਇੱਕ ਵੱਡਾ ਹਿੱਸਾ ਪਾਠਕ੍ਰਮ ਬਦਲਾਅ ਵਿੱਚ ਰੁਚੀ ਦਿਖਾਉਂਦਾ ਹੈ। ਉਹ ਪਾਠਕ੍ਰਮ ਬਦਲਾਅ ਦੀ ਮਹੱਤਤਾ ਅਤੇ ਹਾਲਾਤਾਂ ਨੂੰ ਲੈ ਕੇ ਸੰਵੇਦਨਸ਼ੀਲ ਨਹੀਂ ਹਨ। ਅਧਿਆਪਕ ਦਿੱਤੇ ਗਏ ਸਮੇਂ ਵਿੱਚ ਸਲੇਬਸ ਨੂੰ ਖਤਮ ਕਰਨ ਦੀ ਦੌੜ ਵਿੱਚ ਲੱਗੇ ਹੋਏ ਹਨ ਅਤੇ ਦੂਸਰੇ ਪਾਸੇ ਪ੍ਰਬੰਧਕ ਡਿਊਟੀਆਂ ਦੇ ਬੋਝ ਥੱਲੇ ਦਬੇ ਹੋਏ ਹਨ। ਅਜਿਹਾ ਹੋਣ ਕਾਰਣ ਸਿੱਖਿਆ ਪ੍ਰਕਿਰਿਆ ਦੇ ਜ਼ਰੂਰੀ ਤੱਤ ਅਣਡਿੱਠੇ ਹੋ ਰਹੇ ਹਨ।

8. **ਪ੍ਰਕਿਰਿਆ ਨੂੰ ਛੱਡ ਨਤੀਜੇ ਵੱਲ ਧਿਆਨ ਦੇਣਾ :**

ਜਦੋਂ ਕਦੇ ਵੀ ਮਾਹਿਰ ਪਾਠਕ੍ਰਮ ਵਿੱਚ ਬਦਲੀ ਦਾ ਕੰਮ ਕਰਦੇ ਹਨ, ਤਾਂ ਉਹ ਆਮ ਕਰਕੇ ਪਾਠਕ੍ਰਮ ਦੇ ਢਾਂਚੇ ਦੁਆਰਾ ਸਾਰੇ ਅਰਥਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਦਕਿ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਪ੍ਰਕਿਰਿਆ ਵੱਲ ਧਿਆਨ ਦੇਣਾ ਚਾਹੀਦਾ ਹੈ। ਕਾਨੂੰਨੀ ਕਾਗਜ਼ੀ ਕਾਰਵਾਈ ਨੂੰ ਖਤਮ ਕਰਨ ਦੀ ਬਜਾਏ ਹਮੇਸ਼ਾ ਉਸ ਨੂੰ ਸੋਧਨ ਤੇ ਧਿਆਨ ਦੇਣਾ ਚਾਹੀਦਾ ਹੈ। ਸੁਧਾਰ ਕਰਨ ਲਈ ਕੁਝ ਛੋਟਾ ਵੀ ਰੱਖਣੀਆਂ ਚਾਹੀਦੀਆਂ ਹਨ ਜੋ ਕਿ ਅਧਿਆਪਕਾਂ ਦੇ ਅਨੁਕੂਲ ਹੋਣ।

9. **ਰਵਾਇਤੀ ਧਾਰਨਾਵਾਂ :** ਪਾਠਕ੍ਰਮ ਨੂੰ ਬਦਲਣ ਤੋਂ ਬਾਅਦ ਵੱਖ-ਵੱਖ ਰਵਾਇਤੀ ਧਾਰਨਾਵਾਂ ਵਿੱਚ ਵਿਵਾਦ ਖੜਾ ਹੋ ਜਾਂਦਾ ਹੈ। ਬਹੁਤ ਸਾਰੀਆਂ ਪੁਰਾਣੀਆਂ ਸੋਚਾਂ ਪਾਠਕ੍ਰਮ ਦੀ ਤਬਦੀਲੀ ਦੇ ਰਾਹ ਵਿੱਚ ਅੜਿੱਕਾ ਬਣਦੀਆਂ ਹਨ।

10. **ਫੰਡ ਦੀ ਕਮੀ :** ਕਿਸੇ ਵੀ ਦੇਸ਼ ਵਿੱਚ ਪਾਠਕ੍ਰਮ ਵਿੱਚ ਤਬਦੀਲੀ ਕਰਨ ਲਈ ਅਤੇ ਉਸ ਨੂੰ ਲਾਗੂ ਕਰਨ ਲਈ ਫੰਡ ਇਕ ਬਹੁਤ ਵੱਡੀ ਸਮੱਸਿਆ ਹੈ ਕਿਉਂਕਿ ਪਾਠਕ੍ਰਮ ਵਿੱਚ ਬਦਲਾਅ ਕਰਨ ਲਈ ਅਤੇ ਇਸ ਨੂੰ ਲਾਗੂ ਕਰਨ ਲਈ ਨਵੇਂ ਬੁਨਿਆਦੀ ਢਾਂਚੇ, ਤਕਨੀਕੀ ਵਿਵਸਥਾ ਅਤੇ ਖੜੀਆਂ ਹੋਣ ਵਾਲੀਆਂ ਰੁਕਾਵਟਾਂ ਦੇ ਸਮਾਧਾਨ ਘੱਟ ਧਨ ਨਾਲ ਨਹੀਂ ਕੀਤਾ ਜਾ ਸਕਦਾ। ਇਸ ਲਈ ਪਾਠਕ੍ਰਮ ਨੂੰ ਨਵੇਂ ਸਿਰੇ ਤੋਂ ਲਾਗੂ ਕਰਨ ਲਈ ਚੰਗੇ ਫੰਡਾਂ ਦਾ ਹੋਣਾ ਅਤਿ ਜ਼ਰੂਰੀ ਹੈ।

ਬਦਲਾਅ ਦੀ ਪ੍ਰਕਿਰਿਆ ਕਦੇ ਸੌਖੀ ਨਹੀਂ ਹੁੰਦੀ, ਖਾਸਕਰ ਜਦੋਂ ਸਾਰੇ ਹੀ ਢਾਂਚੇ ਨੂੰ ਬਦਲਣ ਦੀ ਲੋੜ ਹੁੰਦੀ ਹੈ। ਸਿੱਖਿਆ ਦੇ ਢਾਂਚੇ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਬਹੁਤ ਔਖੀਆਂ ਹੁੰਦੀਆਂ ਹਨ, ਇਹ ਕਿਸੇ ਵੀ ਮੋੜ ਤੇ ਆ ਕੇ ਫੇਲ ਹੋ ਜਾਂਦੀਆਂ ਹਨ। ਸਿੱਖਿਆ ਦੀਆਂ ਯੋਜਨਾਵਾਂ ਵੀ ਸਮਾਜ ਵਾਂਗ ਹੌਲੀ-ਹੌਲੀ ਵਿਕਸਿਤ ਹੋਣੀਆਂ ਚਾਹੀਦੀਆਂ ਹਨ ਪਰ ਪ੍ਰਸ਼ਾਸ਼ਨਕਾਰਾਂ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਰੁਕਾਵਟਾਂ ਤੇ ਵਿਚਾਰ ਕਰਨ ਜੋ ਪਾਠਕ੍ਰਮ

ਬਦਲੀ ਦੇ ਰਾਹ ਵਿਚ ਰੁਕਾਵਟ ਬਣਦੀਆਂ ਹਨ। ਪਾਠਕ੍ਰਮ ਬਦਲੀ ਦਾ ਢਾਂਚਾ ਤਿਆਰ ਕਰਦੇ ਸਮੇਂ ਪਹਿਲਾਂ ਹੀ ਆਉਣ ਵਾਲੀਆਂ ਰੁਕਾਵਟਾਂ ਨੂੰ ਵੇਖਿਆ ਜਾਵੇ।

**1.2.9 ਸਿੱਟਾ :** ਪਾਠਕ੍ਰਮ ਉਸਾਰੀ ਵਾਂਗ ਪਾਠਕ੍ਰਮ ਬਦਲਾਅ ਵੀ ਬਹੁਤ ਮਹੱਤਵਪੂਰਨ ਹੁੰਦਾ ਹੈ। ਸੰਸਾਰ ਵਿੱਚ ਵੱਧ ਰਹੀ ਵਿਵਸਥਿਤ ਵਿਵਸਥਾ ਨੂੰ ਪੂਰਾ ਕਰਨ ਲਈ ਪਾਠਕ੍ਰਮ ਬਦਲਾਅ ਵਿਦਿਅਕ ਸੁਧਾਰ ਦੇ ਯਤਨਾਂ ਦਾ ਇੱਕ ਅਨਿਖੜਵਾਂ ਅੰਗ ਹੈ। ਅਧਿਆਪਕਾਂ ਦੀ ਯੋਜਨਾਵਾਂ ਨੂੰ ਅਪ-ਟੂ-ਡੇਟ ਰੱਖਣ ਲਈ ਅਤੇ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਸਹਾਇਤਾ ਕਰਨ ਪਾਠਕ੍ਰਮ ਬਦਲਾਅ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਦੂਜੇ ਪਾਸੇ ਵੱਖ-ਵੱਖ ਪ੍ਰਕਾਰ ਦੀਆਂ ਫੰਡ ਸੰਸਥਾਵਾਂ, ਬੁਨਿਆਦੀ ਢਾਂਚੇ ਅਤੇ ਮਨੁੱਖੀ ਸਰੋਤ ਵਿਦਿਆਰਥੀਆਂ ਅਤੇ ਸਮਾਜ ਦੀ ਲੋੜਾਂ ਅਨੁਸਾਰ ਪਾਠਕ੍ਰਮ ਵਿੱਚ ਬਦਲਾਅ ਕਰਦੇ ਹਨ। ਪਾਠਕ੍ਰਮ ਗਤੀਸ਼ੀਲ ਹੋਣਾ ਚਾਹੀਦਾ ਹੈ ਕਿਉਂਕਿ ਸਮਾਜਿਕ ਵਿਵਸਥਾ ਜਾਂ ਢਾਂਚੇ ਵਿੱਚ ਵੀ ਬਦਲਾਅ ਆਉਂਦੇ ਹਨ। ਜੇਕਰ ਸਿੱਖਿਅਕ ਨੌਜਵਾਨ ਸਮਾਜ ਅਤੇ ਅਰਥ ਵਿਵਸਥਾ ਵਿੱਚ ਨਵੀਨੀਕਰਨ ਲਈ ਇੱਛਾ ਰੱਖਦੇ ਹਨ, ਤਾਂ ਉਸ ਲਈ ਉਹਨਾਂ ਨੂੰ ਮਾਨਸਿਕ ਨਵੀਨਤਾ ਦੀ ਵੀ ਜ਼ਰੂਰਤ ਹੁੰਦੀ ਹੈ। ਜਦੋਂ ਵਿਦਿਆਰਥੀਆਂ ਵਿੱਚ ਵਿਚਾਰਾਂ ਦੀ ਡੂੰਘੀ ਸਮਝ ਪੈਦਾ ਹੋ ਜਾਂਦੀ ਹੈ ਤਾਂ ਉਹ ਜੀਵਨ ਦੇ ਹਰ ਪੱਧਰ ਤੇ ਨਵੀਆਂ ਸਥਿਤੀਆਂ ਨੂੰ ਸਿੱਖਣ ਅਤੇ ਤਜ਼ਰਬਾ ਹਾਸਿਲ ਕਰਨ ਲਈ ਬਦਲਾਅ ਕਰ ਸਕਦੇ ਹਨ। ਨੌਜਵਾਨਾਂ ਵਿੱਚ ਪ੍ਰਤਿਭਾਸ਼ਾਲੀ ਸਿੱਖਣ ਦਾ ਵਿਕਾਸ ਕਰਨ ਲਈ ਉਹਨਾਂ ਦੀ ਦਿਮਾਗੀ ਸਮੱਰਥਾ ਨੂੰ ਵਧਾਉਣ ਲਈ ਸਿੱਖਿਅਕਾਂ ਦੁਆਰਾ ਉਹਨਾਂ ਨੂੰ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਢੁਕਵਾਂ ਵਾਤਾਵਰਨ ਪੈਦਾ ਕੀਤਾ ਜਾਣਾ ਚਾਹੀਦਾ ਹੈ। ਜ਼ਿਆਦਾਤਰ ਖੋਜਕਾਰ ਅਤੇ ਖੁੱਲੇ ਵਿਚਾਰਾਂ ਵਾਲੇ ਅਧਿਆਪਕਾਂ ਲਈ ਲੰਮੇ ਸਮੇਂ ਤੱਕ ਸਿੱਖਿਆ ਵਿੱਚ ਇਹ ਰੁਕਾਵਟਾਂ ਨਹੀਂ ਆਉਂਦੀਆਂ।

**1.2.10 ਮੁੱਖ ਸੰਕਲਪ**

1. ਪਾਠਕ੍ਰਮ ਬਦਲਾਅ- ਇਹ ਇਕ ਗੁੰਝਲਦਾਰ ਅਤੇ ਚੁਣੋਤੀਪੂਰਨ ਪ੍ਰਕਿਰਿਆ ਹੈ ਜਿਸ ਵਿਚ ਸਮਾਂ,ਉਰਜਾਂ,ਸਰੋਤਾਂ ਦੀ ਲੋੜ ਹੁੰਦੀ ਹੈ ਅਤੇ ਜੋ ਅੰਤ ਵਿਚ ਵਿਦਿਅਕ ਪ੍ਰਕ੍ਰਿਆ ਵਿਚ ਸੁਧਾਰ ਵੱਲ ਲੈ ਕੇ ਜਾਂਦੀ ਹੈ।

**1.2.11 ਸਵੈ ਮੁਲਾਂਕਣ ਅਭਿਆਸ: ਖਾਲੀ ਥਾਵਾਂ ਭਰੋ।**

1) ਭਾਠਕ੍ਰਮ ਬਦਲਾਅ ਸਿਖਿਆ ਪ੍ਰਕ੍ਰਿਆ ਵਿਚ ਤਬਦੀਲੀ ਲਈ ਇਕ ............ ਦਾ ਕੰਮ ਕਰਦਾ ਹੈ।
2) ਭਾਠਕ੍ਰਮ ਤਬਦੀਲੀ ਹਿਸੇਦਾਰਾਂ ਨੂੰ ਵੱਖ ਵੱਖ ਪੱਧਰ ਤੇ............ਲਈ ਜਰੂਰੀ ਹੈ।
3) ਭਾਠਕ੍ਰਮ ਤਬਦੀਲੀ ਲਈ................ਰਵੱਈਆਂ ਬਦਲਾਅ ਲਈ ਇਕ ਅਧਰੰਗੀ ਰੁਕਾਵਟ ਹੈ।
4) ਜਾਣਕਾਰੀ ਅਤੇ ਡੇਟਾ ਵਿਚ ਤੇਜੀ ਨਾਲ ਵਾਧਾ ਹੋਣਾ...........ਨੂੰ ਦਰਸਾਉਦਾ ਹੈ।

ਉਤਰ: 1. ਓਤੇਜਕ 2. ਫੇਸਲਾ ਲੈਣ 3. ਨਕਾਰਾਤਮਕ 4. ਗਿਆਨ ਵਿਸਫੋਟ

**1.2.12 ਸੁਝਾਏ ਗਏ ਪ੍ਰਸ਼ਨ :**

1. ਪਾਠਕ੍ਰਮ ਬਦਲਾਅ ਦਾ ਅਰਥ ਦੱਸੋ। ਪਾਠਕ੍ਰਮ ਬਦਲਾਅ ਦੇ ਉਦੇਸ਼ ਕੀ ਹਨ?
2. ਪਾਠਕ੍ਰਮ ਬਦਲਾਅ ਕਿਉਂ ਜ਼ਰੂਰੀ ਹੈ? ਪਾਠਕ੍ਰਮ ਬਦਲਾਅ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਕਾਰਕਾਂ ਬਾਰੇ ਦੱਸੋ।
3. ਪਾਠਕ੍ਰਮ ਬਦਲਾਅ ਵਿੱਚ ਵੱਖ-ਵੱਖ ਅਦਾਰਿਆਂ ਦੀ ਭੂਮਿਕਾ ਬਾਰੇ ਦੱਸੋ।
4. ਪਾਠਕ੍ਰਮ ਬਦਲਾਅ ਦੇ ਰਸਤੇ ਵਿਚ ਕਿਹੜੀਆਂ ਰੁਕਾਵਟਾਂ ਆਉਂਦੀਆਂ ਹਨ।

**1.2.13 ਸੁਝਾਈ ਪੁਸਤਕ ਸੂਚੀ**

1. ਗੋਇਲ, ਐਸ : ਗਿਆਨ ਅਤੇ ਪਾਠਕ੍ਰਮ
2. ਸੰਗਲ, ਐਸ. ਕੇ : ਪਾਠਕ੍ਰਮ ਅਤੇ ਸਕੂਲ ਪ੍ਰਬੰਧਨ
3. ਨੰਦਰਾ, ਆਇ, ਐਸ : ਗਿਆਨ ਅਤੇ ਪਾਠਕ੍ਰਮ

ਪਾਨ ਨੰ: 1.3

ਲੇਖਿਕਾ : ਡਾ. ਤਸਨੀਮ ਖਾਨ
**Converted into SLM by: Dr. Amita**

Last updated in January, 2026

# ਪਾਠਕ੍ਰਮ ਵਿਕਾਸ : ਸਕੰਲਪ, ਪੜਾਅ, ਸਿਧਾਂਤ ਅਤੇ ਪਹੁੰਚਾਂ

**ਢਾਂਚਾ**

1.3.1 ਉਦੇਸ਼
1.3.2 ਜਾਣ ਪਛਾਣ
1.3.3 ਪਾਠਕ੍ਰਮ ਵਿਕਾਸ ਦਾ ਅਰਥ ਅਤੇ ਸੰਕਲਪ
1.3.4 ਪੜਾਅ
1.3.5 ਪਾਠਕ੍ਰਮ ਵਿਕਾਸ ਦੇ ਪੜਾਅ
1.3.6 ਪਾਠਕ੍ਰਮ ਵਿਕਾਸ ਦੀਆਂ ਪਹੁੰਚਾਂ
1.3.7 ਵਿਵਹਾਰਿਕਤਾ
1.3.8 ਸਾਰ
1.3.9 ਮੁੱਖ ਸੰਕਲਪ
1.3.10 ਸਵੈ ਮੁਲਾਂਕਣ ਅਭਿਆਸ
1.3.11 ਸੁਝਾਏ ਪ੍ਰਸ਼ਨ
1.3.12 ਸੁਝਾਈਆਂ ਕਿਤਾਬਾਂ ਅਤੇ ਵੈਬ ਸੋਮੇ

**1.3.1 ਉਦੇਸ਼ :** ਇਹ ਪਾਠ ਪੜ੍ਹਣ ਤੋਂ ਬਾਅਦ ਵਿਦਿਆਰਥੀ :

1. ਪਾਠਕ੍ਰਮ ਵਿਕਾਸ ਦਾ ਸੰਕਲਪ ਸਮਝਣ ਦੇ ਯੋਗ ਹੋ ਜਾਣਗੇ।
2. ਪਾਠਕ੍ਰਮ ਵਿਕਾਸ ਦੇ ਪੜਾਵਾਂ ਨੂੰ ਸਮਝ ਸਕਣਗੇ।
3. ਪਾਠਕ੍ਰਮ ਵਿਕਾਸ ਦੇ ਸਿਧਾਤਾਂ ਬਾਰੇ ਜਾਣ ਸਕਣਗੇ।

## 1.3.2 ਜਾਣ ਪਛਾਣ

ਪਾਠਕ੍ਰਮ ਟੀਚੇ ਨੂੰ ਪ੍ਰਾਪਤ ਕਰਨ ਦੇ ਸਾਧਨ ਵਜੋਂ ਅਤੇ ਅਧਿਆਪਨ ਜਾਂ ਅਨੁਦੇਸ਼ਨ ਦੇ ਕਾਰਜ ਨੂੰ ਪੂਰਾ ਕਰਨ ਦੇ ਟੀਚੇ ਵਜੋਂ ਕੰਮ ਕਰਦਾ ਹੈ ਸਿੱਖਿਆ ਦੇ ਰਸਮੀ ਜਾਂ ਗੈਰ-ਰਸਮੀ ਤਰੀਕੇ ਦੁਆਰਾ ਮਿਥੇ ਗਏ ਟੀਚਿਆਂ ਦੀ ਪ੍ਰਾਪਤੀ ਇਕ ਸਹੀ ਪਾਠਕ੍ਰਮ ਦੇ ਵਿਕਾਸ ਲਈ ਕੀਤੇ ਯਤਨਾਂ ਉੱਤੇ ਨਿਰਭਰ ਕਰਦੀ ਹੈ।

## 1.3.3 ਪਾਠਕ੍ਰਮ ਵਿਕਾਸ ਦਾ ਅਰਥ ਅਤੇ ਸੰਕਲਪ

ਪਾਠਕ੍ਰਮ ਵਿਕਾਸ ਆਪਣੇ ਸ਼ਾਬਦਿਕ ਅਰਥਾਂ ਵਿਚ ਪਾਠਕ੍ਰਮ ਦਾ ਵਿਕਾਸ ਹੈ। ਵਿਕਾਸ ਸ਼ਬਦ ਆਮ ਕਰਕੇ ਇਹ ਦੱਸਣ ਲਈ ਵਰਤਿਆ ਜਾਂਦਾ ਹੈ ਕਿ ਇਹ ਨਿਰਮਾਣ ਤੋਂ ਵੱਡਾ ਸੰਕਲਪ ਹੈ ਇਹ ਵਿਸ਼ਾ ਵਸਤੂ ਅਤੇ ਸਿੱਖਣ ਅਨੁਭਵਾਂ ਦਾ ਸੰਗਠਨ ਹੈ ਜਿਹੜੇ ਕਿ ਕਿਸੇ ਵਿਸ਼ੇ ਜਾਂ ਵਿਸ਼ਿਆਂ ਦੇ ਸਮੂਹ ਨਾਲ ਸੰਬੰਧਿਤ ਹਨ ਅਤੇ ਸਿੱਖਿਆਰਥੀਆਂ ਨੂੰ ਉਪਲੱਬਧ ਕਰਵਾਏ ਜਾਂਦੇ ਹਨ।

**ਫੇਆਰਿਸ, ਫਿਉਰਿਨ ਅਤੇ ਨੋਵਾਕ (1970: 209):**

ਪਾਠਕ੍ਰਮ ਵਿਕਾਸ ਸਮਾਂ, ਵਿਸ਼ਾ-ਵਸਤੂ, ਸਮਾਨ ਅਤੇ ਕਰਮਚਾਰੀਆਂ ਵਰਗੇ ਤੱਤਾਂ ਨੂੰ ਕ੍ਰਮਬੱਧ ਤਰੀਕੇ ਨਾਲ ਜੋੜਨ ਲਈ ਵਾਤਾਵਰਨ ਦੇ ਨਿਰਮਾਣ ਲਈ ਬਣਾਈ ਗਈ ਯੋਜਨਾ ਹੈ।

**ਉਰਨਸਟੇਨ ਅਤੇ ਹੰਮਕਿਨਜ (1988–12):**

ਪਾਠਕ੍ਰਮ ਵਿਕਾਸ ਸ਼ਬਦ ਦੱਸਦਾ ਹੈ ਕਿ ਪਾਠਕ੍ਰਮ ਕਿਵੇਂ ਨਿਯੋਜਤ ਕੀਤਾ ਜਾਂਦਾ ਹੈ। ਲਾਗੂ ਕੀਤਾ ਜਾਂਦਾ ਹੈ ਅਤੇ ਮੂਲਾਂਕਿਤ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਅਲੱਗ–ਅਲੱਗ ਤਰ੍ਹਾਂ ਦੇ ਲੋਕਾਂ ਗਤੀਵਿਧੀਆਂ ਆਦਿ ਨੂੰ ਪਾਠਕ੍ਰਮ ਦੇ ਨਿਰਮਾਣ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

ਪਾਠਕ੍ਰਮ ਇੱਛਤ ਸਿੱਖਿਅਕ ਟੀਚਿਆਂ ਨੂੰ ਪ੍ਰਾਪਤ ਕਰਨ ਵਿਚ ਵਿਭਿੰਨ ਉਦੇਸ਼ਾਂ ਦੀ ਪੂਰਤੀ ਵਿਚ ਭੂਮਿਕਾ ਨਿਭਾਉਂਦਾ ਹੈ ਇਸ ਉਦੇਸ਼ ਦੀ ਪ੍ਰਾਪਤੀ ਲਈ ਇਕ ਪਾਠਕ੍ਰਮ ਨਿਰਮਾਤਾ ਨੂੰ ਕੁਝ ਵਿਸ਼ੇਸ਼ਤਾਵਾਂ ਜਿਵੇਂ ਸਿਖਿਆਰਥੀਆਂ ਨੂੰ ਪ੍ਰਦਾਨ ਕੀਤੇ ਗਏ ਸਿਖਣ ਅਨੁਭਵ, ਅਨੁਦੇਸ਼ਾਤਮਕ ਸਮੱਗਰੀ ਦਾ ਵੇਰਵਾ ਅਤੇ ਮੁਲਾਂਕਣ ਤਕਨੀਕਾਂ ਦੀ ਜਰੂਰਤ ਪੈਂਦੀ ਹੈ। ਇਕ ਪੂਰੀ ਤਰ੍ਹਾਂ ਵਿਕਸਿਤ ਕੀਤਾ ਗਿਆ ਪਾਠਕ੍ਰਮ ਜਰੂਰੀ ਮਨੁੱਖੀ ਅਤੇ ਭੌਤਿਕ ਸੋਮਿਆਂ ਅਤੇ ਇੱਛਤ ਸਿਖਿਅਕ ਟੀਚਿਆਂ ਦੀ ਪ੍ਰਾਪਤੀ ਲਈ ਇਨ੍ਹਾਂ ਦੀ ਯੋਗ ਵਰਤੋਂ ਨੂੰ ਧਿਆਨ ਵਿੱਚ ਰੱਖਦਾ ਹੈ। ਪਾਠਕ੍ਰਮ ਵਿਕਾਸ ਵਿਭਿੰਨ ਗਤੀਵਿਧੀਆਂ ਜਿਵੇਂ ਪਾਠਕ੍ਰਮ ਨੂੰ ਸੰਕਲਪਿਤ ਕਰਨਾ, ਵਿਸ਼ਾ ਵਸਤੂ ਅਤੇ ਸਿੱਖਣ ਅਨੁਭਵਾਂ ਨੂੰ ਚੁਣਨਾ ਅਤੇ ਸੰਚਾਰਿਤ ਕਰਨਾ ਜਿਨ੍ਹਾਂ ਅਨੁਭਵਾਂ ਨੂੰ ਪ੍ਰਦਾਨ ਕਰਨ ਦੇ ਤਰੀਕੇ ਅਤੇ ਵਿਧੀਆਂ ਦੇ ਸੁਝਾਅ ਦੇਣੇ। ਅਤੇ ਸਿੱਖਣ ਨਤੀਜਿਆਂ ਨੂੰ ਮੁਲਾਂਕਿਤ ਕਰਨਾ ਆਦਿ ਆਉਂਦੀਆਂ ਹਨ।

**1.3.4 ਪਾਠਕ੍ਰਮ ਵਿਕਾਸ ਦੇ ਪੜਾਅ:**

ਪਾਠਕ੍ਰਮ ਵਿਕਾਸ ਇਕ ਤਕਨੀਕਬੱਧ ਅਤੇ ਸੰਗਠਿਤ ਅਲੱਗ–2 ਪੜਾਵਾਂ ਦੀ ਲੜੀ ਹੈ। ਅਲੱਗ–2 ਵਿਚਾਰਕਾਂ ਨੇ ਇਸ ਮਸਲੇ ਤੇ ਪਾਠਕ੍ਰਮ ਵਿਕਾਸ ਦੇ ਵਿਭਿੰਨ ਪੜਾਵਾਂ ਨੂੰ ਦਰਸਾਉਂਦੇ ਅਲੱਗ–2 ਮਾਡਲ ਦਿੱਤੇ ਹਨ।

1. **ਸੇਲਰ ਅਤੇ ਅਲੇਗਜੇਂਡਰ ਦਾ ਮਾਡਲ:–** ਸੇਲਰ ਅਤੇ ਅਲੇਗਜੇਂਡਰ ਨੇ 4 ਪੜਾਵਾਂ ਦਾ ਮਾਡਲ ਪੇਸ਼ ਕੀਤਾ ਹੈ।

(i) ਟੀਚੇ ਅਤੇ ਉਦੇਸ਼
(ii) ਪਾਠਕ੍ਰਮ ਡੀਜਾਇਨ
(iii) ਪਾਠਕ੍ਰਮ ਲਾਗੂ ਕਰਨਾ
(iv) ਪਾਠਕ੍ਰਮ ਮੁਲਾਂਕਣ

2. **ਅਨਰੂ ਅਤੇ ਅਨਰੂ ਮਾਡਲ :** – ਇਸਨੇ ਵੀ ਪੰਜ ਪੜਾਵਾਂ ਦਾ ਮਾਡਲ ਪੇਸ਼ ਕੀਤਾ ਹੈ।

(i) ਟੀਚੇ ਅਤੇ ਉਦੇਸ਼
(ii) ਲੋੜ ਮੁਲਾਂਕਣ
(iii) ਵਿਸ਼ਾ ਵਸਤੂ
(iv) ਲਾਗੂ ਕਰਨਾ
(v) ਮੁਲਾਂਕਣ

3. **ਹਿਲਦਾ ਤਬਾ ਮਾਡਲ**:– ਹਿਲਦਾ ਤਬਾ ਨੇ ਸੱਤ ਸਟੇਜਾਂ ਵਾਲਾ ਮਾਡਲ ਪੇਸ਼ ਕੀਤਾ।

(i) ਲੋੜਾਂ ਦੀ ਜਾਂਚ
(ii) ਟੀਚਿਆਂ ਦਾ ਨਿਰਮਾਣ
(iii) ਵਿਸ਼ਾ ਵਸਤੂ ਦੀ ਚੋਣ
(iv) ਵਿਸ਼ਾ ਵਸਤੂ ਦਾ ਸੰਗਠਨ
(v) ਸਿੱਖਣ ਗਤੀਵਿਧੀਆਂ ਦੀ ਚੋਣ
(vi) ਸਿੱਖਣ ਗਤੀਵਿਧੀਆਂ ਦਾ ਸੰਗਠਨ
(vii) ਮੁਲਾਂਕਣ ਅਤੇ ਮੁਲਾਂਕਣ ਦੇ ਸਾਧਨ।

**4. ਗਲਫ ਟੇਲਰ ਮਾਡਲ**: - ਗਲਫ ਟੇਲਰ ਦੁਆਰਾ ਆਮ ਕਰਕੇ ਤਕਨੀਕੀ ਵਿਗਿਆਨਕ ਮਾਡਲ ਦੇ ਨਾਂ ਨਾਲ ਜਾਣਿਆ ਜਾਂਦਾ ਮਾਡਲ ਪੇਸ਼ ਕੀਤਾ।

(i) ਟੀਚਿਆਂ ਦੀ ਪਛਾਣ।

(ii) ਟੀਚੇ ਨਾਲ ਸੰਬੰਧਿਤ ਸਿੱਖਿਆ ਅਨੁਭਵ

(iii) ਅਨੁਭਵਾਂ ਦਾ ਸੰਗਠਨ

(iv) ਟੀਚਿਆਂ ਦਾ ਮੁਲਾਂਕਣ

ਪੰਜ ਪੜਾਵਾਂ ਵਿਚ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਹੇਠ ਲਿਖੀਆਂ ਹਨ :-

1. **ਟੀਚਿਆਂ ਦਾ ਨਿਰਮਾਣ** :- ਕਿਸੇ ਵਿਸ਼ੇਸ਼ਗਤ ਦਰਜੇ ਅਤੇ ਵਾਤਾਵਰਨ ਵਾਲੇ ਸਿਖਿਅਕ ਲਈ ਸਿਖਿਅਕ ਟੀਚਿਆਂ ਦੇ ਨਿਰਮਾਣ ਲਈ ਅਸੀ ਪਾਠਕ੍ਰਮ ਦੇ ਵਿਕਾਸ ਦੁਆਰਾ ਪੂਰੇ ਕੀਤੇ ਜਾਣ ਵਾਲੇ ਉਦੇਸ਼ ਸੰਬੰਧੀ ਨਿਸ਼ਚਿਤ ਹੋ ਜਾਂਦੇ ਹਨ। ਜਿੱਥੇ ਤੱਕ ਸੰਭਵ ਹੋਵੇ ਇਹ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਕਿ ਟੀਚਿਆਂ ਦਾ ਨਿਰਮਾਣ ਇਸ ਤਰ੍ਹਾਂ ਕੀਤਾ ਜਾਵੇ ਤਾਂ ਕਿ ਸਿਖਿਆਰਥੀਆਂ ਦਾ ਵਿਵਹਾਰ ਗਿਆਨਾਤਮਕ, ਭਾਵਨਾਤਮਕ ਅਤੇ ਗਤੀਆਤਮਕ ਸਾਰੇ ਪੱਖਾਂ ਵਿਚ ਇਛੱਤ ਤਬਦੀਲੀ ਲਿਆਂਦੀ ਜਾ ਸਕੇ।

2. **ਵਿਸ਼ਾ ਵਸਤੂ ਜਾਂ ਸਿਖਣ ਅਨੁਭਵਾਂ ਦੀ ਚੋਣ**:- ਉੱਪਰ ਕੀਤੇ ਕਾਰ ਜਾਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਸ਼ਾ ਵਸਤੂ ਦੀ ਚੋਣ ਦੀ ਯੋਜਨਾ ਦਾ ਕੰਮ ਨੇਪਰੇ ਚਾੜਿਆ ਜਾਂਦਾ ਹੈ। ਪਾਠਕ੍ਰਮ ਨਿਰਮਾਣ ਦੇ ਵਿਭਿੰਨ ਸਿਧਾਂਤਾਂ ਵਿਚੋਂ ਜਿਵੇਂ ਬੱਚਾ ਕੇਂਦਰਿਤਾ, ਸਮਾਜ ਕੇਂਦਰਿਤਾ, ਸਹਿ-ਸੰਬੰਧ, ਵਿਅਕਤੀਗਤ ਭਿੰਨਤਾਵਾਂ, ਰੁਦੀ, ਲੋੜਾਂ ਦੀ ਸੰਤੁਸ਼ਟੀ, ਸਮੇਂ ਅਤੇ ਸੋਮਿਆਂ ਦੀ ਉਪਲੱਬਧਤਾ ਆਦਿ ਦਾ ਪਾਠਕ੍ਰਮ ਵਿਕਾਸਕਰਤਿਆਂ ਦੁਆਰਾ ਸਹੀ ਤਰੀਕੇ ਨਾਲ ਉਪਯੋਗ ਕੀਤਾ ਜਾਣਾ ਚਾਹੀਦਾ ਹੈ।

3. **ਸਿੱਖਣ ਅਨੁਭਵਾਂ ਜਾਂ ਵਿਸ਼ਾ ਵਸਤੂ ਦਾ ਸੰਗਠਨ** :- ਇਸ ਤੋਂ ਬਾਦ ਵਿਭਿੰਨ ਸਿੱਖਿਅਕ ਅਨੁਭਵਾਂ ਦੇ ਸਹੀ ਸੰਗਠਨ ਲਈ ਯਤਨ ਕੀਤਾ ਜਾਣਾ ਚਾਹੀਦਾ ਹੈ। ਸੰਗਠਨ ਦਾ ਕਾਰਜ ਦੋ ਤਰ੍ਹਾਂ ਦੀਆਂ ਪਹੁੰਚਾਂ ਆਪਣਾ ਕੇ ਕੀਤਾ ਜਾਂਦਾ ਹੈ। ਸਤਰੀਕਰਨ ਅਤੇ ਲੰਬਾਤਮਕ ਸੰਗਠਨ ਸਤਰੀਕਰਨ ਸੰਗਠਨ ਪਾਠਕ੍ਰਮ ਦੇ ਤੱਤਾਂ ਦੇ ਨਾਲ-2 ਪ੍ਰਬੰਧ ਵਜੋਂ ਜਾਣਿਆ ਜਾਂਦਾ ਹੈ। ਲੰਬਾਤਮਕ ਸੰਗਠਨ ਨੂੰ ਪਾਠਕ੍ਰਮ ਤੱਤਾਂ ਦੇ ਸਥਾਨਾਂਤਰਨ।

4. **ਪਾਠਕ੍ਰਮ ਨੂੰ ਲਾਗੂ ਕਰਨ ਲਈ ਨਿਰਦੇਸ਼ ਦੇਣੇ**: - ਮਿੱਥੇ ਗਏ ਟੀਚਿਆਂ ਦੀ ਪ੍ਰਾਪਤੀ ਲਈ ਅਧਿਆਪਕਾਂ ਅਤੇ ਸਿਖਿਆਰਥੀਆਂ ਨੂੰ ਨੀਤੀ ਨਿਰਦੇਸ਼ਕਾਂ ਦੀ ਜਰੂਰਤ ਹੁੰਦੀ ਹੈ। ਪਾਠਕ੍ਰਮ ਵਿਕਾਸਕ੍ਰਮੀਆਂ ਨੂੰ ਸਹੀ ਤਕਨੀਕਾਂ, ਨੀਤੀਆਂ ਅਤੇ ਅਧਿਆਪਨ ਸਿੱਖਣ ਗਤੀਵਿਧੀਆਂ ਦੀ ਲੋੜ ਹੁੰਦੀ ਹੈ। ਤਾਂ ਕਿ ਚੁਣੇ ਗਏ ਐ ਸੰਗਠਿਤ ਕੀਤੇ ਵਿਸ਼ਿਆਂ ਅਤੇ ਦੀ ਠੀਕ ਤਰੀਕੇ ਨਾਲ ਅਧਿਆਪਨ ਸਿੱਖਣ ਪ੍ਰਕ੍ਰਿਆ ਪੂਰੀ ਹੋ ਸਕੇ।

**5. ਮੁਲਾਂਕਣ ਦੀਆਂ ਤਕਨੀਕਾਂ ਅਤੇ ਢੰਗਾਂ ਦੇ ਸੁਝਾਅ ਦੇਣਾ**:- ਇਹ ਜਾਣਨ ਲਈ ਕਿ ਕਿਸ ਹੱਦ ਤੱਕ ਅਨੁਦੇਸਤਮਕ ਉਦੇਸ਼ਾਂ ਦੀ ਪ੍ਰਾਪਤੀ ਹੋਈ ਹੈ, ਜੋ ਪੜਾਇਆ ਜਾਂ ਸਿਖਾਇਆ ਗਿਆ ਹੈ ਉਸਦਾ ਸਹੀ ਤਰੀਕੇ ਨਾਲ ਮੁਲਾਂਕਣ ਕੀਤਾ ਜਾਣਾ ਜਰੂਰੀ ਹੈ।

ਕਿਸ ਤਰ੍ਹਾਂ ਦੇ ਪ੍ਰਸ਼ਨ, ਵੱਡੇ ਉੱਤਰਾਂ ਵਾਲੇ ਪ੍ਰਸ਼ਨ, ਛੋਟੇ ਪ੍ਰਸ਼ਨ, ਵਸਤੂ-ਵਾਚਕ ਪ੍ਰਸ਼ਨ ਅਤੇ ਅੰਕ ਪ੍ਰਦਾਨ ਕਰਨ ਦੇ ਤਰੀਕਿਆਂ ਵੱਲ ਪਾਠਕ੍ਰਮ ਦੇ ਵਿਕਾਸ ਵਿਚ ਖਾਸ ਧਿਆਨ ਦੇਣ ਦੀ ਜਰੂਰਤ ਹੈ।

ਅਸਲ ਵਿਚ ਪਾਠਕ੍ਰਮ ਦੇ ਵਿਕਾਸ ਦੀ ਪ੍ਰਕ੍ਰਿਆ ਨੂੰ ਇਕ ਰੇਲਵੇ ਰੋਡ ਬਣਾਉਣ ਦੀ ਪ੍ਰਕ੍ਰਿਆ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਜਦੋਂ ਇੱਕ ਵਾਰੀ ਆਮ ਰਸਤਾ ਨਿਯੋਜਤ ਕਰ ਲਿਆ ਜਾਂਦਾ ਹੈ ਤਾਂ ਰੇਲ ਰੋਡ ਨਿਰਮਾਤਾ ਸਰਵੇ ਕਰਨ, ਅਤੇ ਟਰੈਕ ਬਣਾਉਣ ਵਿਚ ਲੱਗ ਜਾਂਦਾ ਹੈ ਇਸੇ ਤਰ੍ਹਾਂ ਪਾਠਕ੍ਰਮ ਦਾ ਵਿਕਾਸ ਕਿਸੇ ਰੂਟ ਦੀ ਨਿਯੋਜਨ ਦੀ ਤਰ੍ਹਾਂ ਹੈ ਜਿਸਨੂੰ ਇਕ ਵਿਅਕਤੀ ਦੁਆਰਾ ਬਚਪਨ ਤੋਂ ਆਪਣੇ ਵਿਕਾਸ, ਆਪਣੇ ਸੱਭਿਆਚਾਰ, ਅਤੇ ਆਪਣੀਆਂ ਵਿਸ਼ੇਸ਼ ਯੋਗਤਾਵਾਂ ਦੇ ਵਿਕਾਸ ਲਈ ਵਰਤਿਆ ਜਾਂਦਾ ਹੈ।

### 1.3.5 ਪਾਠਕ੍ਰਮ ਦੇ ਖੇਤਰ ਦੇ ਮੂਲ ਸਿਧਾਂਤ (Fundamental Principles of Curriculum/ Construction)

**(i) ਬੱਚਾ ਕੇਂਦਰਤ (Child Centered) :** ਪਾਠਕ੍ਰਮ ਨੂੰ ਬੱਚਿਆਂ ਦੀਆਂ ਰੁਚੀਆਂ, ਤੰਮਨਾਵਾਂ, ਵਤੀਰਿਆਂ ਤੇ ਮਨੋਵਿਗਿਆਨਕ ਤੇ ਵਿਕਾਸ ਦੀਆਂ ਲੋੜਾਂ ਨੂੰ ਆਪਣੇ ਵਿੱਚ ਲਪੇਟਣਾ ਚਾਹੀਦਾ ਹੈ ਤਾਂ ਕਿ ਇਹ ਪੂਰਨ ਭਾਂਤ ਬੱਚਾ ਕੇਂਦਰਤ ਹੋਣ।

**(ii) ਸਮੁਦਾਇ ਕੇਂਦਰਤ (Community Centered) :** ਇਸ ਨੂੰ ਸਮੁਦਾਇ ਦੇ ਜੀਵਨ ਵਿੱਚ ਉਤਪੰਨ ਹੋਣਾ ਚਾਹੀਦਾ ਹੈ। ਇਸਦਾ ਆਧਾਰ ਸਮੁਦਾਇ ਦੇ ਲੋਕਾਂ ਦੀਆਂ ਲੋੜਾਂ ਹੋਣੀਆਂ ਚਾਹੀਦੀਆਂ ਹਨ ਤੇ ਇਸਨੂੰ ਉਨ੍ਹਾਂ ਵਿੱਚ ਖੁਬਿਆ ਹੋਇਆ ਹੋਣਾ ਚਾਹੀਦਾ ਹੈ। ਜਿੱਥੇ ਤੱਕ ਹੋ ਸਕਦਾ ਹੈ ਸਮੁਦਾਇ ਨੂੰ ਇਸ ਵਿੱਚ ਭਾਈਵਾਲ ਬਣਾਉਣਾ ਚਾਹੀਦਾ ਹੈ। ਅਸਲ ਗੱਲ ਇਹ ਹੈ ਕਿ ਸਾਡਾ ਹੁਣ ਦਾ ਪਾਠਕ੍ਰਮ ਇਸ ਅਸੂਲ ਦੀ ਪਾਠਣਾ ਨਹੀਂ ਕਰਦਾ ਜਿਸ ਕਰਕੇ ਬੱਚਿਆਂ ਲਈ ਇਸ ਨੂੰ ਹਜ਼ਮ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

**(iii) ਕ੍ਰਿਆਵਾਂ ਕੇਂਦਰਤ (Activities Centered) :** ਇਨ੍ਹਾਂ ਵਿੱਚ ਬੱਚਿਆਂ ਦੇ ਖੇਡਣ ਦੀਆਂ, ਬਨਾਉਣ ਤੇ ਉਸਾਰਨਾ ਆਦਿ ਕ੍ਰਿਆਵਾਂ ਤੇ ਪ੍ਰੋਜੈਕਟਾਂ ਬਣਾਉਣ ਦੀਆਂ ਕ੍ਰਿਆਵਾਂ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਆਪਣੇ ਆਪ ਕਰਨ ਵਾਲੀਆਂ ਕ੍ਰਿਆਵਾਂ ਹੋਣੀਆਂ ਚਾਹੀਦੀਆਂ ਹਨ। ਇਸ ਪ੍ਰਕਾਰ ਕਰਨ ਨਾਲ ਬੱਚਾ ਭਲੀਭਾਂਤੀ ਸਮਝ ਕੇ ਸਿੱਖ ਜਾਂਦਾ ਹੈ।

**(iv) ਕਈ ਭਾਂਤਾਂ ਦੀਆਂ ਕ੍ਰਿਆਵਾਂ (Varities of Activities) :** ਪਾਠਕ੍ਰਮ ਦੀਆਂ ਕ੍ਰਿਆਵਾਂ ਬਹੁਭਾਂਤੀ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਸਭ ਤਰ੍ਹਾਂ ਦੀਆਂ ਲੋੜਾਂ, ਰੁਚੀਆਂ, ਤੰਮਨਾਵਾਂ ਆਦਿ ਦੀਆਂ ਪੂਰਤੀਆਂ ਹੋ ਸਕਣ। ਅਸਲ ਵਿੱਚ ਸਾਡਾ ਹੁਣ ਦਾ ਪਾਠਕ੍ਰਮ ਆਮ ਕਰਕੇ ਇਕ ਹੀ ਭਾਂਤ ਦਾ ਹੁੰਦਾ ਹੈ। ਇਹ ਹੈ ਕਿ ਇਸ ਨੂੰ ਬਹੁਭਾਂਤੀ ਬਣਾਇਆ ਜਾਵੇ।

**(v) ਲਚਕੀਲਾ (Flexible) :** ਲਚਕੀਲੇ ਪਾਠਕ੍ਰਮ ਨੂੰ ਬੱਚਿਆਂ ਦੀਆਂ ਲੋੜਾਂ ਅਨੁਸਾਰ ਢਾਇਆ ਜਾ ਸਕਦਾ ਹੈ। ਇਸ ਨੂੰ ਸਥਾਈ ਪ੍ਰਵਿਰਤੀਆਂ ਅਨੁਸਾਰ ਹੀ ਕੀਤਾ ਜਾ ਸਕਦਾ ਹੈ। ਮੂਲ ਰੂਪ ਵਿੱਚ ਗ੍ਰਾਮੀਨ ਇਲਾਕਿਆਂ ਵਿੱਚ ਪਾਠਕ੍ਰਮ ਨੂੰ ਖੇਤੀਬਾੜੀ ਤੇ ਇਸ ਨਾਲ ਸੰਬੰਧਿਤ ਕਿੱਤਿਆਂ ਨਾਲ ਜੋੜਨਾ ਚਾਹੀਦਾ ਹੈ। ਸ਼ਹਿਰੀ ਇਲਾਕਿਆਂ ਦੇ ਪਾਠਕ੍ਰਮ ਨੂੰ ਕਾਰਖਾਨੇ ਤੇ ਉਨ੍ਹਾਂ ਨਾਲ ਸੰਬੰਧਤ ਕਿੱਤਿਆਂ ਨਾਲ ਸੰਗਠਿਤ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਹੀ ਸਕੂਲ ਨੂੰ ਆਪਣੀਆਂ ਕਿਰਿਆਵਾਂ ਨੂੰ ਵੀ ਇਸ ਪ੍ਰਕਾਰ ਲਚਕੀਲਾ ਬਣਾਉਣਾ ਚਾਹੀਦਾ ਹੈ ਤਾਂ ਕਿ ਬੱਚੇ ਇਨ੍ਹਾਂ ਵਿੱਚ ਆਪਣੀਆਂ ਰੁਚੀਆਂ ਅਨੁਸਾਰ ਬਣ ਸਕਣ।

**(vi) ਸੰਗਠਣ ਕਰਨਾ (Integration) :** ਪਰੰਪਰਾਵਾਦੀ ਤੌਰ ਤੇ ਵੰਡੇ ਹੋਏ ਪੜ੍ਹਾਈ ਦੇ ਮਜ਼ਬੂਨਾਂ ਨੂੰ ਵੱਖਰਾ ਵੱਖਰਾ ਨਹੀਂ ਦੇਖਣਾ ਚਾਹੀਦਾ ਸਗੋਂ ਇਨ੍ਹਾਂ ਨੂੰ ਇਸ ਪ੍ਰਕਾਰ ਸੰਗਠਿਤ ਕਰਨਾ ਚਾਹੀਦਾ ਹੈ ਜਿਵੇਂ ਕਿ ਗਿਆਨ ਦਾ ਭੰਡਾਰ ਸਾਂਝਾ ਹੋਵੇ।

**(vii) ਤਜ਼ਰਬੇ ਨੂੰ ਇਕ ਮੁੱਠ ਕਰਨਾ (Totality of Experience) :** ਸੈਕੰਡਰੀ ਸਿੱਖਿਆ ਕਮਿਸ਼ਨ ਦਾ ਕਥਨ ਹੈ ਕਿ ਪਾਠਕ੍ਰਮ ਵਿੱਚ ਕੇਵਲ ਉਹ ਮਜ਼ਮੂਨਾਂ ਦਾ ਤਜ਼ਰਬਾ ਹੀ ਸ਼ਾਮਿਲ ਨਹੀਂ ਕਰਨਾ ਚਾਹੀਦਾ ਜਿਨ੍ਹਾਂ ਨੂੰ ਪਰੰਪਰਾਵਾਦੀ ਢੰਗ ਨਾਲ ਸਕੂਲ ਵਿੱਚ ਪੜ੍ਹਾਇਆ ਜਾਂਦਾ ਹੈ ਸਗੋਂ ਉਹ ਸਾਰੇ ਤਜ਼ਰਬਿਆਂ ਨੂੰ ਸ਼ਾਮਲ ਹੋਣਾ ਚਾਹੀਦਾ ਹੈ ਜੋ ਕਿ ਬੱਚਾ ਭਾਂਤ-ਭਾਂਤ ਦੀਆਂ ਕ੍ਰਿਆਵਾਂ ਤੋਂ ਸਿੱਖਦਾ ਹੈ ਜੋ ਕਿ ਸਕੂਲ ਵਿੱਚ ਵਾਪਰਦੀਆਂ ਹਨ ਜਿਵੇਂ ਕਿ ਜਮਾਤ ਦੇ ਕਮਰੇ, ਲਾਇਬ੍ਰੇਰੀ ਤੇ ਵਰਕਸ਼ਾਪ, ਖੇਡ ਦੇ ਮੈਦਾਨ ਵਿੱਚ ਤੇ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਇਨਫਾਰਮਲ ਢੰਗ ਨਾਲ ਵਾਪਰਦੀਆਂ ਹਨ।

**(viii) ਲਾਭਦਾਇਕ (Utilitarian) :** ਨਨ (Nunn) ਦਾ ਸਿਧਾਂਤ ਹੈ ਕਿ ਲਾਭਦਾਇਕਤਾ ਦਾ ਅਸੂਲ ਸਭ ਨਾਲੋਂ ਵੱਧ ਕਾਰਗਰੀ ਪਾਠਕ੍ਰਮ ਬਣਾਉਣ ਦਾ ਅਸੂਲ ਹੁੰਦਾ ਹੈ। ਇਸ ਲਈ ਕਿੱਤਿਆਂ ਵਿਚ ਤਕਨੀਕੀ ਤੇ

ਕਾਰਖਾਨਿਆਂ ਨਾਲ ਸੰਬੰਧਿਤ ਮਜ਼ਬੂਨ ਪੜ੍ਹਾਉਣੇ ਚਾਹੀਦੇ ਹਨ ਤੇ ਸਿੱਖਿਆ ਦਾ ਸਮੁੱਚਾ ਕਿੱਤਾਕਰਨ ਕਰਨਾ ਚਾਹੀਦਾ ਹੈ।

**(ix) ਸਭਿਆਚਾਰ ਨੂੰ ਕਾਇਮ ਰੱਖਣਾ (Preservation of Culture) :** ਸੱਭਿਆਚਾਰ ਦੀ ਪਰੰਪਰਾ ਬਣਾਈ ਜਾਂਦੀ ਹੈ, ਉਸਾਰੀ ਜਾਂਦੀ ਹੈ ਤੇ ਪੀੜ੍ਹੀਆਂ ਦੀਆਂ ਸਾਂਝਾ ਨਾਲ ਇਕੱਤਰ ਕੀਤੀ ਜਾਂਦੀ ਹੈ। ਇਹ ਵੱਖ-ਵੱਖ ਕੌਮਾਂ ਦੀ ਵੱਖ-ਵੱਖ ਸਮਾਜ ਦੀ ਤੇ ਕਈ ਵਾਰ ਵੱਖ-ਵੱਖ ਇਲਾਕਿਆਂ ਦੀ ਵੱਖਰੀ-ਵੱਖਰੀ ਹੁੰਦੀ ਹੈ। ਪਾਠਕ੍ਰਮ ਦਾ ਸੰਗਠਿਤ ਕਰਨ ਲਗਿਆਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਇਸ ਦਾ ਸੰਗਠਨ ਇਸ ਪ੍ਰਕਾਰ ਕੀਤਾ ਜਾਵੇ ਕਿ ਸਭਿਆਚਾਰ ਨੂੰ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਨੂੰ ਉਸ ਵਿੱਚ ਵਾਧਾਰ ਕਰਕੇ ਸੌਂਪਿਆ ਜਾ ਸਕੇ। ਬਦ-ਕਿਸਮਤੀ ਨਾਲ ਸਾਡੇ ਸਮਾਜ ਵਿੱਚ ਸਿੱਖਿਆ ਦੇ ਖੇਤਰ ਵਿਚ ਅਜਿਹਾ ਨਹੀਂ ਹੋ ਰਿਹਾ। ਸਾਡੇ ਸਮਾਜ ਦਾ ਇਤਿਹਾਸ ਇਮਾਨਦਾਰੀ, ਅਧਿਆਤਮਕਤਾ ਤੇ ਸਮਾਜੀਕਰਨ ਦੀਆਂ ਪਰੰਪਰਾਵਾਂ ਨਾਲ ਭਰਿਆ ਪਿਆ ਹੈ, ਪਰ ਹੁਣ ਤਾਂ ਦੁਨੀਆਂ ਵਿਚ ਸਾਡੇ ਸਮਾਜ ਨੂੰ ਬੇਈਮਾਨ, ਕੁਨਰਾ ਪਰਿਵਾਰ ਤੇ ਨੀਵੀਂ ਪੱਧਰ ਵਾਲੇ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ। ਹੁਣ ਲੋੜ ਹੈ ਕਿ ਸਾਰੇ ਪਾਠਕ੍ਰਮ ਨੂੰ ਇਸ ਪ੍ਰਕਾਰ ਸੰਗਠਿਤ ਕੀਤਾ ਜਾਵੇ ਕਿ ਸਾਡੀ ਪੁਰਾਣੀ ਸਭਿਅਤਾ ਮੁੜ ਸਥਾਪਿਤ ਕੀਤੀ ਜਾਵੇ ਤਾਂ ਕਿ ਸਾਰੀ ਦੁਨੀਆਂ ਵਿਚ ਸਾਡਾ ਸਤਿਕਾਰ ਵਧੇ ਤੇ ਆਦਰ ਮਾਣ ਬਣੇ।

**(x) ਉਸਾਰੂ ਸਿਖਲਾਈ (Creative Training) :** ਰਾਏਮੇਂਟ (Raymont) ਨੇ ਠੀਕ ਹੀ ਕਿਹਾ ਕਿ ਉਸ ਪਾਠਕ੍ਰਮ ਵਿੱਚ ਜੋ ਕਿ ਅੱਜ ਦੀਆਂ ਤੇ ਆਉਣ ਵਾਲੇ ਸਮੇਂ ਦੀਆਂ ਲੋੜਾਂ ਪੂਰੀਆਂ ਕਰੇ ਉਸਦੇ ਮਜ਼ਬੂਨਾਂ ਨੂੰ ਲਾਜ਼ਮੀ ਪੜ੍ਹਾਉਣਾ ਚਾਹੀਦਾ ਹੈ।

**(xi) ਲੋਕਤੰਤਰੀ ਕੀਮਤਾਂ (Democratic Values) :** ਸਾਡੇ ਸਕੂਲਾਂ ਨੇ ਲੋਕਤੰਤਰੀ ਕੀਮਤਾਂ ਨੂੰ ਉਸਾਰਨਾ ਤੇ ਪਕਿਆ ਕਰਨ ਲਈ ਆਪਣਾ ਭਰਵਾਂ ਯੋਗਦਾਨ ਪਾਉਣਾ ਚਾਹੀਦਾ ਹੈ ਤੇ ਕਿ ਇਹ ਸਾਡਾ ਜੀਵਨ ਢੰਗ ਹੀ ਬਣ ਜਾਵੇ। ਇਹ ਠੀਕ ਹੀ ਕਿਹਾ ਗਿਆ ਹੈ ਕਿ ਲੋਕਰਾਜ ਇੱਕ ਸਰਕਾਰ ਨੂੰ ਚਲਾਉਣ ਦਾ ਢੰਗ ਹੀ ਨਹੀਂ ਹੁੰਦਾ, ਸਗੋਂ ਰਹਿਣ-ਸਹਿਣ ਦਾ ਸਮੁੱਚਾ ਢੰਗ ਹੀ ਹੁੰਦਾ ਹੈ। ਬਹੁ ਗਿਣਤੀ ਦੀ ਰਾਏ ਨੂੰ ਪੂਰਨ ਭਾਤ ਮੰਨ ਲੈਣ ਨੂੰ ਪਾਠਕ੍ਰਮ ਨੂੰ ਸਿੱਧੇ ਤੇ ਅਸਿੱਧੇ ਢੰਗ ਨਾਲ ਪ੍ਰਫੁੱਲਤ ਕਰਨਾ ਸ਼ਾਮਿਲ ਹੁੰਦਾ ਹੈ।

**(xii) ਘੁਲਮਿਲ ਜਾਣਾ (Harmony) :** ਸਾਡੇ ਪਾਠਕ੍ਰਮ ਵਿੱਚ ਹਰ ਪ੍ਰਕਾਰ ਦੀ ਸਿੱਖਿਆ ਨੂੰ ਜਿਵੇਂ ਕਿ ਫਾਰਮਲ ਤੇ ਨਾਲ-ਫਾਰਮਲ, ਸਿੱਧੀ ਤੇ ਅਸਿੱਧੀ ਜਨਰਲ ਤੇ ਇਕ ਭਾਂਤੀ, ਖੁੱਲ੍ਹੀ ਤੇ ਕਿੱਤਾ ਕਰਨੀ ਵਿਅਕਤੀਗਤ ਤੇ ਖਾਸ (specific) ਦੇ ਟੀਚਿਆਂ ਵਿਚ ਖੁੱਲ੍ਹੇ ਮੇਲ ਹੋਣਾ ਚਾਹੀਦਾ ਹੈ।

**1.3.6 ਪਾਠਕ੍ਰਮ ਵਿਕਾਸ ਦੀਆਂ ਪਹੁੰਚਾਂ :** ਪਾਠਕ੍ਰਮ ਵਿਕਾਸ ਦੀਆਂ ਮੁੱਖ ਪਹੁੰਚਾਂ ਹੇਠ ਦਿੱਤੇ ਅਨੁਸਾਰ ਹਨ :

**(i) ਅੰਤਰ ਅਨੁਸ਼ਾਸਨਿਕ ਪਹੁੰਚ (Interdisciplinary Approach) :**

ਆਧੁਨਿਕ ਪਾਠਕ੍ਰਮ ਵਿੱਚ ਅੰਤਰ ਅਨੁਸ਼ਾਸਨਿਕ ਪਹੁੰਚ ਮਹੱਤਵਪੂਰਨ ਅਤੇ ਚੁਨੌਤੀਪੂਰਨ ਤਕਨੀਕ ਬਣ ਗਈ ਹੈ। ਇਹ ਪਹੁੰਚ ਵਿੱਚ ਇੱਕ ਤੋਂ ਵੱਧ ਅਨੁਸ਼ਾਸਨ ਇੱਕਠੇ ਕਰਕੇ ਵਿਦਿਆਰਥੀ ਅਧਿਆਪਕ ਦੀ ਟੀਮ ਬਣਾਈ ਜਾਂਦੀ ਹੈ ਜਿਹੜੀ ਕਿ ਸਮੁੱਚੇ ਵਿੱਦਿਅਕ ਅਨੁਭਵ ਨੂੰ ਮਾਲਾਮਾਲ ਕਰਦੀ ਹੈ। ਆਧੁਨਿਕ ਪਾਠਕ੍ਰਮ ਵਿੱਚ ਅੰਤਰ ਅਨੁਸ਼ਾਸਨਿਕ ਪਹੁੰਚ ਇੱਕ ਮਹੱਤਵਪੂਰਨ ਅਤੇ ਚੁਣੌਤੀ ਪੂਰਨ ਤਕਨੀਕ ਬਣ ਗਈ ਹੈ। ਵਿਦਿਆਰਥੀ ਘੱਟ ਸਮੇਂ ਵਿੱਚ ਜ਼ਿਆਦਾ ਕੁਝ ਸਮਝ ਅਤੇ ਸਿੱਖ ਸਕਦਾ ਹੈ।

**(ੳ) ਅੰਤਰ ਅਨੁਸ਼ਾਸਨਿਕ ਪਹੁੰਚ ਦੇ ਫਾਇਦੇ ਅਤੇ ਨੁਕਸਾਨ :**

ਇਹ ਹਰ ਪੱਧਰ ਤੇ ਸਕੂਲ ਤੇ ਪਾਠਕ੍ਰਮ ਵਿੱਚ ਇਹ ਕੁੰਜੀ ਸੰਕਲਪ ਬਣ ਗਿਆ ਹੈ। ਇਹ ਪਹੁੰਚ ਇੱਕ ਪਾਠਕ੍ਰਮ ਲਈ ਵਧੀਆ ਕੋਰਸ ਹੈ। ਇਸ ਦਾ ਫਾਇਦਾ ਇਹ ਹੈ ਕਿ ਵਿਦਿਆਰਥੀ ਦੀ ਸਮਝ ਅਤੇ ਪ੍ਰਾਪਤੀ ਨੂੰ ਵਧਾਉਣਾ ਹੈ ਅਤੇ ਸੰਚਾਰ ਹੁਨਰ ਨੂੰ ਵੀ ਵਧਾਉਣਾ ਹੈ, ਪਰ ਨਾਲ ਹੀ ਸਮਾਂ ਬਰਬਾਦ ਅਤੇ ਸਮਝਣ ਵਿੱਚ ਉਲਝਣ ਹੈ ਜਿਸ ਨਾਲ ਪਾਠਕ੍ਰਮ ਦੀ ਤਿਆਰੀ ਵਿੱਚ ਨੁਕਸਾਨ ਹੈ।

**(ਅ) ਅੰਤਰ ਅਨੁਸ਼ਾਸਨਿਕ ਪਹੁੰਚ ਦਾ ਭਵਿੱਖ :**

ਇਸ ਪਹੁੰਚ ਨੂੰ ਕਈ ਤਰੀਕਿਆਂ ਰਾਹੀਂ ਸਿੱਖਿਆ ਦੇ ਹਰ ਪੱਧਰ ਤੇ ਵਰਤਿਆ ਗਿਆ ਹੈ। ਸਕੂਲ ਗ੍ਰੈਜੁਏਟ ਤੋਂ ਬਚਪਨ ਤੱਕ, ਅੰਤਰ ਅਨੁਸਾਸਨਿਕ ਨੂੰ ਹੋਰ ਜਿਆਦਾ ਪ੍ਰਸਿੱਧ ਬਣਾਇਆ ਜਾ ਰਿਹਾ ਹੈ। Young blood ਕਹਿੰਦਾ ਹੈ ਇਹ ਪਹੁੰਚ ਲਾਭਦਾਇਕ ਹੈ, "ਇੱਕ ਹੀ ਅਨੁਸਾਸ਼ਨ ਵਿੱਚ ਅਸੀਂ ਸਰੀਰਕ ਅਤੇ ਸਮਾਜਿਕ ਦੇ ਨਾਲ ਨਾਲ ਮਾਨਵਤਾ ਅਤੇ ਮਨੁੱਖਤਾ ਦੇ ਘੇਰੇ ਨੂੰ ਵੀ ਸਮੇਟ ਲੈਂਦੇ ਹਾਂ।" ਇਸ ਵਿੱਚ ਜ਼ਰੂਰੀ ਨਹੀਂ ਕਿ ਵਿਦਿਆਰਥੀ ਇੱਕ ਇਕੱਲੇ ਅਨੁਸਾਸ਼ਨ ਜਾਂ ਇੱਕਲੀ ਇੱਕ ਸੱਮਸਿਆ ਨੂੰ ਹੱਲ ਕਰਨ ਲਈ ਹੀ ਨਹੀਂ ਸ਼ਾਮਿਲ ਹੁੰਦਾ ਸਗੋਂ ਉਸਦੇ ਜੀਵਨ ਭਰ ਦੀ ਸਿੱਖਣ ਦੀ ਆਦਤ ਅਕਾਦਮਿਕ ਹੁਨਰ ਅਤੇ ਨਿਜੀ ਵਾਧੇ ਦਾ ਵੀ ਵਿਕਾਸ ਹੁੰਦਾ ਹੈ। ਇਹ ਪਹੁੰਚ ਵਿਦਿਆਰਥੀ ਦੀ ਟੀਮ–ਟੀਚਿੰਗ ਦੇ ਵਤੀਰੇ ਵਿੱਚ ਵਾਧਾ ਕਰਦਾ ਹੈ। ਵਿਦਿਆਰਥੀਆਂ ਲਈ ਅੰਤਰ ਅਨੁਸ਼ਾਸਨਿਕ ਕੋਰਸ ਉਨ੍ਹਾਂ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਅਤੇ ਜ਼ਰੂਰੀ ਬਣ ਗਏ ਹਨ। ਜਿਹੜੇ ਵਿਦਿਆਰਥੀਆਂ ਨੂੰ ਇਸ ਪਹੁੰਚ ਨਾਲ ਪੜ੍ਹਾਇਆ ਜਾਂਦਾ ਹੈ, ਉਹਨਾਂ ਵਿੱਚ ਸੋਚ ਅਤੇ ਸਮਝ ਸ਼ਕਤੀ ਦਾ ਅਥਾਹ ਵਿਕਾਸ ਹੁੰਦਾ ਹੈ ਅਤੇ ਕਾਲਜਾਂ ਅਤੇ ਬਿਜਨਸ ਦੇ ਖੇਤਰ ਵਿੱਚ ਉਹ ਬਹੁਤ ਤਰੱਕੀ ਕਰਦੇ ਹਨ। Youngblood ਅਨੁਸਾਰ ਅੰਤਰ ਅਨੁਸ਼ਾਸਨਿਕ ਤਕਨੀਕਾਂ ਦੀ ਖੋਜ ਵਧੀਆਂ ਭਵਿੱਖ ਅਤੇ ਨਵੀਆਂ ਤਬਦੀਲਾ ਵੱਲ ਲੈ ਕੇ ਜਾਵੇਗੀ।

**(ii) ਵਿਸਤਾਰ ਪਹੁੰਚ (Enrichment Approach) :–** ਵਿਸਤਾਰ ਦਾ ਮਤਲਬ ਹੈ ਕਿ ਪਾਠਕ੍ਰਮ ਨੂੰ ਜ਼ਿਆਦਾ ਡੂੰਘਾਈ ਵਿੱਚ ਦੇਣਾ ਅਤੇ ਵਿਸਤਾਰ ਪਹੁੰਚ, ਗਿਫਟਡ ਵਿਦਿਆਰਥੀ ਦੀ ਤਾਕਤ ਅਤੇ ਸਮਰੱਥਾ ਨੂੰ ਵਧਾਉਣ ਵਾਸਤੇ ਹੈ। ਗਿਫਟਡ ਵਿਦਿਆਰਥੀ ਜ਼ਿਆਦਾ ਚੌਣਤੀਪੂਰਨ ਕੰਮ ਕਰਨਾ ਪਸੰਦ ਕਰਦੇ ਹਨ। ਚੰਗਾ ਵਾਤਾਵਰਨ ਅਤੇ ਚਣੌਤੀਪੂਰਨ ਵਾਤਾਵਰਨ ਦੀ ਵੀ ਬਹੁਤ ਲੋੜ ਹੁੰਦੀ ਹੈ ਅਤੇ ਇਕ ਗਿਫਟਡ ਵਿਦਿਆਰਥੀ ਦੀਆਂ ਸਿੱਖਣ ਸੰਬੰਧੀ ਸਰਗਰਮੀਆਂ ਵਿੱਚ ਵਾਧਾ ਕਰਨ ਲਈ ਬਹੁਤ ਜ਼ਰੂਰੀ ਹੈ। ਗਿਫਟਡ ਵਿਦਿਆਰਥੀ ਨੂੰ ਇਹ ਢੰਗ ਠੀਕ ਲਗਦਾ ਹੈ ਕਿ ਉਹਨਾਂ ਦੇ ਅਧਿਆਪਕ ਉਹਨਾਂ ਤੋਂ ਜ਼ਿਆਦਾ ਸਮਾਂ ਜਮਾਤ ਵਿੱਚ ਪ੍ਰਸ਼ਨ ਪੁੱਛਣ ਅਤੇ ਵਾਰਤਾਲਾਪ ਕਰਦੇ ਰਹਿਣ। ਇਸ ਦਾ ਕਾਰਨ ਇਹ ਹੈ ਕਿ ਉਹ ਆਮ ਵਿਦਿਆਰਥੀ ਦੀ ਸਮਝ ਸ਼ਕਤੀ ਨਾਲੋਂ ਉਹਨਾਂ ਦੀ ਸਮਝ ਸ਼ਕਤੀ ਬਹੁਤ ਜ਼ਿਆਦਾ ਉੱਪਰ ਹੁੰਦੀ ਹੈ। ਉਹ ਆਮ ਰੈਗੂਲਰ ਕੰਮ ਵਿੱਚ ਬੋਰੀਅਤ ਮਹਿਸੂਸ ਕਰਦੇ ਹਨ। ਪਰ ਅਧਿਆਪਕ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਗਿਫਟਡ ਵਿਦਿਆਰਥੀ ਦੀ ਸਮਝ ਸ਼ਕਤੀ ਨੂੰ ਪਹਿਲਾ ਹੀ ਪਰਖ ਲੈਣ ਅਤੇ ਉਸ ਤੋਂ ਬਾਅਦ ਹੀ ਉਸ ਨੂੰ ਉਸਦੀ ਸਮਝ ਸ਼ਕਤੀ ਦੇ ਅਨੁਸਾਰ ਚਣੌਤੀਪੂਰਨ ਕੰਮ ਦਿੱਤਾ ਜਾਵੇ।

ਅਧਿਆਪਕ ਨੂੰ ਅਲੱਗ ਅਲੱਗ ਢੰਗਾਂ ਨਾਲ ਗਿਫਟਡ ਵਿਦਿਆਰਥੀਆਂ ਨੂੰ ਕੰਟਰੋਲ ਵਿੱਚ ਰੱਖਣਾ ਪੈਦਾ ਹੈ। ਉਹਨਾਂ ਨੂੰ ਜ਼ਿਆਦਾ ਵਿਸਥਾਰ ਵਾਲੇ ਕੰਮ ਦੇਣੇ ਪੈਦਾ ਹਨ, ਤਾਂ ਕਿ ਉਹ ਹਰ ਸਮੇਂ ਕੰਮ ਵਿੱਚ ਰੁਝੇ ਰਹਿਣ।

Townsend (1996) ਅਨੁਸਾਰ ਵਿਸਤਾਰ Approach ਬੱਚੇ ਦੀ ਕਾਬਲੀਅਤ ਅਤੇ ਸਿੱਖਣ ਸ਼ਕਤੀ ਨੂੰ ਵਧਾਉਣਾ ਹੈ ਅਤੇ ਲੋੜ ਅਨੁਸਾਰ ਰੈਗੂਲਰ ਸਿੱਖਿਆ ਨੂੰ ਬਹੁਤ ਜ਼ਿਆਦਾ ਡੂੰਘਾਈ ਅਤੇ ਚੌੜਾਈ ਨਾਲ ਮਹੁੱਈਆਂ ਕਰਨਾ ਹੈ। ਇਹ ਬੌਧਿਕ ਨਿਰਾਸ਼ਾ ਅਤੇ ਬੋਰੀਅਤ ਨਾਲ ਸੰਬੰਧਿਤ ਸਮੱਸਿਆ ਨੂੰ ਰੋਕ ਸਕਦੀ ਹੈ। ਇਹ ਨਵੇਂ ਖੇਤਰ ਨੂੰ ਸਿਖਾਉਣ ਨਾਲ ਸੰਬੰਧਤ ਹੈ। Teare ਅਨੁਸਾਰ ਇਹ ਕਿਸੇ ਕੰਮ ਨੂੰ ਉੱਚ ਗੁਣਵੰਨਤਾ ਅਤੇ ਕੰਮ ਨੂੰ ਹੋਰ ਡੂੰਘਾਈ ਵਿੱਚ ਕਰਨ ਦੀ ਪ੍ਰੇਰਣਾ ਹੈ। ਇਹ ਸੋਚ ਦੇ ਪੱਧਰ ਨੂੰ ਵਧਾਉਂਦਾ ਹੈ।

(a) Enrichment an important focus in the education of gifted students. (ਵਿਸਤਾਰ ਪਹੁੰਚ ਦਾ ਗਿਫਟਡ ਵਿਦਿਆਰਥੀਆਂ ਉਪਰ ਜ਼ੋਰ) ਗਿਫਟਡ ਵਿਦਿਆਰਥੀਆਂ ਨੂੰ ਆਮ ਵਿਦਿਆਰਥੀਆਂ ਤੋਂ ਜ਼ਿਆਦਾ ਪ੍ਰੇਰਣਾ ਦੀ ਲੋੜ ਹੁੰਦੀ ਹੈ।

ਹੇਠ ਲਿਖੇ ਮੁੱਖ ਨੁਕਤੇ ਹਨ।

1. ਸਕੂਲ ਦੇ ਤਜ਼ਰਬੇ ਵਿੱਚ ਵਿਸਤਾਰ ਦੇ ਕੰਮ ਬਹੁਤ ਲਾਭ ਦੇ ਸਕਦੇ ਹਨ।

2. ਯੋਗ ਵਿਦਿਆਰਥੀ ਚਣੌਤੀ ਦੇ ਕੰਮ ਕਰਦੇ ਹਨ ਅਤੇ ਇਹ ਕੰਮ ਜਮਾਤ ਦੇ ਰੈਗੂਲਰ ਕੰਮ ਤੋਂ ਬਹੁਤ ਵੱਖਰ ਹੁੰਦਾ ਹੈ।
3. Brainteasers ਤੇ Puzzles ਵਿੱਚ ਯੋਗ ਵਿਦਿਆਰਥੀ ਅਤੇ ਗਿਫਟਡ ਵਿਦਿਆਰਥੀ ਬਹੁਤ ਆਨੰਦ ਮਾਣਦੇ ਹਨ।

**(b) ਵਿਸਤਾਰ ਦੀਆਂ ਕਿਸਮਾਂ:–**

ਵਿਸਤਾਰ ਗਤੀਵਿਧੀਆਂ ਵਿੱਚ

- ਚਣੌਤੀਪੂਰਨ ਕੰਮ
- ਆਨੰਦ
- ਨਵੀਂ ਸੋਚਾ ਅਤੇ ਸਿੱਖਣ ਸ਼ਕਤੀ ਨੂੰ ਵਧਾਉਣਾ
- ਸੋਚਣ ਸ਼ਕਤੀ ਨੂੰ ਵੱਖ–ਵੱਖ ਢੰਗਾਂ ਨਾਲ ਵਧਾਉਣਾ

**ਵਿਸਤਾਰ ਗਤੀਵਿਧੀਆਂ ਨੂੰ ਵੱਖ–ਵੱਖ ਮੌਕੇ ਤੇ ਵਿਦਿਆਰਥੀਆਂ ਵਿੱਚ ਵਧਾਉਣਾ ਜਿਵੇਂ ਕਿ:–**

- ਅਲੱਗ ਸੈਸ਼ਨ
- ਭਰਪੂਰ ਘਰ ਦਾ ਕੰਮ ਦੇਣਾ।
- ਸਮੱਸਿਆ ਦਾ ਹੱਲ ਕਰਨਾ।
- ਸਿਰਜਣਾਤਮਕ ਸੋਚ ਵਾਲੇ ਕੰਮ ਦੇਣਾ।
- ਪਹਿਲ ਅਤੇ Self direction ਖੋਜ।
- ਗਹਿਰਾ ਨਿੱਜੀ ਹਿੱਤ।
- Self acceptance

ਵਿਸਤਾਰ ਦਾ ਸਭ ਤੋਂ ਜ਼ਿਆਦਾ ਫਾਇਦਾ ਇਹ ਹੈ ਕਿ ਇਸ ਨਾਲ ਬੋਰੀਅਤ ਵਾਲੇ ਕੰਮ ਨਹੀਂ ਕਰਵਾਏ ਜਾਂਦੇ ਅਤੇ ਗਿਫਟਡ ਵਿਦਿਆਰਥੀ ਜ਼ਿਆਦਾ Problem ਨਾਲ ਸੰਬੰਧਤ ਕੰਮ ਕਰਦੇ ਹਨ।

**(iii) ਫ਼ਰਕ ਪਹੁੰਚ (Differentiation Approach)**

Differentiation ਪਹੁੰਚ ਨੂੰ ਵੱਖ ਸਿੱਖਣ ਜਾਂ ਸਿੱਖਿਆ ਵਿੱਚ ਸਿਰਫ਼ 'ਫ਼ਰਕ' ਵੀ ਕਹਿੰਦੇ ਹਨ। ਇਹ ਇੱਕ ਵਧੀਆ ਢੰਗ ਨਾਲ ਸਿੱਖਣ ਲਈ ਫ਼ਰੇਮਵਰਕ ਜਾਂ ਫ਼ਲਸਫ਼ਾ ਹੈ। ਜਿਸ ਵਿੱਚ ਇੱਕ ਹੀ ਕਲਾਸ ਵਿੱਚ ਅਲੱਗ ਅਲੱਗ ਪੱਧਰਾਂ ਦੇ ਬੱਚਿਆਂ ਨੂੰ ਅਲੱਗ ਅਲੱਗ ਸਿੱਖਣ ਸੱਮਗਰੀ ਮੁਹੱਈਆ ਕਰਵਾਈ ਜਾਂਦੀ ਹੈ, ਇਹ ਸਮੱਗਰੀ ਭਿੰਨਤਾ ਯੋਗਤਾ ਅਨੁਸਾਰ ਪਾਠਕ੍ਰਮ, ਸਿੱਖਿਆ ਸਮੱਗਰੀ ਪੜ੍ਹਨ ਪੜ੍ਹਾਉਣ ਦੇ ਢੰਗਾਂ ਵਿੱਚ ਪਾਈ ਜਾਂਦੀ ਹੈ, ਤਾਂ ਕਿ ਵਿਦਿਆਰਥੀ ਵਧੀਆਂ ਢੰਗ ਨਾਲ ਆਪਣੀ ਕਾਬਲੀਅਤ ਦੇ ਅਨੁਸਾਰ ਸਿੱਖ ਸਕੇ। ਅਧਿਆਪਕ ਨੂੰ ਕਾਰਜਕ੍ਰਮ ਬਣਾਉਣ ਸਮੇਂ ਬਹੁਤ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ ਜਿਵੇਂ ਕਿ ਸਭਿੱਅਤਾ, ਸਮਾਜਿਕ ਆਰਥਿਕ ਰੁਤਬਾ, ਭਾਸ਼ਾ, ਲਿੰਗ, ਪ੍ਰੇਰਨਾ, ਯੋਗਤਾ, ਨਿਜੀ ਹਿੱਤ ਆਦਿ। ਅਧਿਆਪਕ ਨਿੱਜੀ ਹਦਾਇਤਾਂ ਦਾ ਵਿਕਾਸ ਕਰ ਸਕਦਾ ਹੈ, ਤਾਂ ਕਿ ਬੱਚੇ ਪ੍ਰਭਾਵਿਤ ਤਰੀਕੇ ਨਾਲ ਸਿੱਖ ਸਕਣ। ਅਲੱਗ ਅਲੱਗ ਪੱਧਰਾ ਦੇ ਵਿਦਿਆਰਥੀ ਸਹੀ ਤਰੀਕੇ ਨਾਲ ਸਿੱਖ ਸਕਦੇ ਹਨ। ਇਸ ਤਕਨੀਕ ਵਿੱਚ ਹਰ ਵਿਦਿਆਰਥੀ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਤਾਂ ਕਿ ਉਹ ਸਫ਼ਲ ਹੋ ਸਕਣ। ਇਹ ਇੱਕ ਅਜਿਹੀ ਪ੍ਰਕ੍ਰਿਆ ਹੈ ਜਿਸ ਵਿੱਚ ਪਤਾ ਲਗਦਾ ਹੈ ਕਿ ਬੱਚਾ ਕੀ ਸਿੱਖ ਰਿਹਾ ਹੈ, ਕਿਵੇਂ ਸਿੱਖ ਰਿਹਾ ਹੈ ਅਤੇ ਇਹਨਾਂ ਤਰੀਕਿਆਂ ਨਾਲ ਫਰਕ ਕਰ ਸਕਦਾ ਹਾਂ। 1.ਸਮੱਗਰੀ ਦੁਆਰਾ, 2.ਕਾਰਜ, 3.ਉਤਪਾਦ, 4.ਸਿੱਖਣ, ਵਿਅਕਤੀਗਤ ਲਰਨਰ ਅਤੇ ਅਧਾਰਿਤ ਸਿੱਖਣ ਦੀ ਪਸੰਦ ਅਤੇ ਵਿਅਕਤੀਗਤ ਹਿੱਤਾਂ ਬਾਰੇ ਵਿਸ਼ਵਾਸ ਦਾ ਪਤਾ ਲਗਦਾ ਹੈ।

ਇਸ ਲਈ ਫ਼ਰਕ (Differentiation) ਕਿਸੇ ਨੂੰ ਲਰਨਰ ਦੇ ਤੌਰ ਤੇ ਉਸਦੇ ਵੱਧ ਵਿਕਾਸ ਦਰ ਨੂੰ ਪ੍ਰਾਪਤ ਕਰਨ ਲਈ ਹਰੇਕ ਬੱਚੇ ਦੀ ਸਿੱਖਣ ਦੀ ਲੋੜ ਅਤੇ ਪਸੰਦ ਕਰਨ ਲਈ ਸਿੱਖਿਆ ਅਤੇ ਸਿੱਖਣ ਢੰਗ ਨੂੰ ਬਦਲਣ ਲਈ ਇੱਕ ਆਯੋਜਿਤ, ਪਰ ਹਾਲੇ ਵੀ ਲਚਕੀਲਾ ਢੰਗ ਹੈ। ਵਿਦਿਆਰਥੀ ਦੀ ਸਿੱਖਣ ਦੀ ਸਮੱਰਥਾ ਨੂੰ ਸਮਝਣ ਲਈ ਪ੍ਰੀ ਨਿਰਧਾਰਨ (Pre-Assessment) ਅਤੇ ਚੱਲ ਰਹੇ ਨਿਰਧਾਰਨ (on going assessment) ਬਹੁਤ ਜ਼ਰੂਰੀ ਹਨ। ਇਹ ਅਧਿਆਪਕ ਅਤੇ ਵਿਦਿਆਰਥੀ ਦੀ ਸਿੱਖਿਆ ਵਿੱਚ ਸੁਧਾਰ ਦੇ ਉਦੇਸ਼ ਨਾਲ ਦੋਨਾਂ ਲਈ ਫ਼ੀਡਬੈਕ ਦਿੰਦਾ ਹੈ। Differentiation (ਫ਼ਰਕ) ਇੱਕ ਵਿਦਿਆਰਥੀ ਨਿਰਪੱਖ ਢੰਗ ਹੈ, ਜੋ ਕਿ ਉਚਿਤ ਪੜ੍ਹਾਈ ਅਤੇ ਨਿਰਧਾਰਨ ਸੰਦ ਵਰਤਣ ਤੇ ਜ਼ੋਰ ਦਿੰਦੀ ਹੈ ਅਤੇ ਵਿਦਿਆਰਥੀ ਨੂੰ ਅਰਥਭਰਪੂਰ ਢੰਗ ਨਾਲ ਪਾਠਕ੍ਰਮ ਵਿੱਚ ਆਹਰੇ ਲਾਉਂਦੀ ਹੈ।

**(a) ਅਗੇਤਰ ਨਿਰਧਾਰਨ (Pre-assessment)**

ਅਗੇਤਰ ਨਿਰਧਾਰਨ ਦਾ ਟੀਚਾ ਵਿਦਿਆਰਥੀ ਦੇ ਗਿਆਨ, ਸਮਝ ਅਤੇ ਹੁਨਰ ਦਾ ਪਤਾ ਕਰਨਾ ਹੈ। ਇਹ ਨਿਰਧਾਰਨ ਉਹ ਨਿਰਧਾਰਨ ਹੈ ਜਿਸ ਵਿੱਚ ਹਰ ਇੱਕ ਨੂੰ ਲਾਭ ਅਤੇ ਲਰਨਰ ਨੂੰ ਅਧਿਆਪਕ ਦੁਆਰਾ ਨਿਰਦੇਸ਼ ਸ਼ਾਮਿਲ ਹਨ। ਇਹ ਰਸਮੀ ਹਨ ਅਤੇ ਇਹ ਅਧਿਆਪਕ ਨੂੰ ਇਹਨਾਂ ਗੁਣਾਤਮਕ ਫੀਡਬੈਕ ਮੁਹੱਈਆ ਕਰਨ ਲਈ ਇਸ ਦੀ ਲੋੜ ਹੈ।

ਅਗੇਤਰ ਨਿਰਧਾਰਨ, ਅਧਿਐਨ ਦੇ ਯੂਨਿਟ ਤੋਂ ਕਈ ਹਫ਼ਤੇ ਪਹਿਲਾਂ ਕਰਵਾਇਆ ਜਾਣਾ ਚਾਹੀਦਾ ਹੈ ਅਤੇ ਗਰੇਡ ਕੀਤਾ ਜਾਣ ਜਾਂ ਹੋਣਾ ਚਾਹੀਦਾ ਹੈ। ਅਗੇਤਰ ਨਿਰਧਾਰਨ ਦੋ ਤਰੀਕਿਆਂ ਵਿੱਚ ਕਰਵਾਇਆ ਜਾ ਸਕਦਾ ਹੈ।

1. ਗਿਆਨ ਨੂੰ ਪਛਾਣ ਕੇ
2. ਵਿਦਿਆਰਥੀ ਦੀ ਸਮਝ ਨੂੰ ਪਰਖ ਕੇ ਭਾਵ ਚੈੱਕਲਿਸਟ, ਕਵਿਜ਼, ਕਲਾਸ ਚਰਚਾ, ਪੋਰਟ ਫ਼ੋਲੀਓ ਇੰਦਰਾਜ, Exit Card, ਆਗੂ ਦੇ ਰਸਾਲੇ, ਸਵੈ-ਪ੍ਰਤੀਬਿੰਬ ਰਾਹੀਂ।

ਅਗੇਤਰ ਨਿਰਧਾਰਨ ਦੀਆਂ ਇਹ ਦੋਵੇਂ ਕਿਸਮਾ ਲਈ ਇੱਕ ਵਿਦਿਆਰਥੀ ਦੀ ਸਹਾਇਤਾ, ਭਰਪੂਰਤਾ ਦੀ ਲੋੜ ਹੈ ਅਤੇ ਵੱਖ ਸਿੱਖਣ ਸਟਾਈਲ ਹਿਤ ਹੋ ਸਕਦੀ ਹੈ ਅਤੇ ਖਾਸ ਤੌਰ ਤੇ ਜਦੋਂ ਵਿਦਿਆਰਥੀ ਨੂੰ ਕੰਮ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਉਸਨੂੰ ਸਹਾਇਤਾ ਦੀ ਜ਼ਰੂਰਤ ਪੈਂਦੀ ਹੈ। ਅਧਿਆਪਕ ਵੀ ਇਸ ਦੇ ਅਧਾਰ ਤੋਂ ਉਚਿਤ ਵਸੀਲੇ ਇਕੱਠਾ ਕਰ ਸਕਦਾ ਹੈ ਅਤੇ ਆਉਣ ਵਾਲੇ Unit ਯੂਨਿਟ ਲਈ ਪਹਿਲਾਂ ਹੀ ਫੈਸਲਾ ਲੈ ਸਕਦਾ ਹੈ। ਇਹ ਪਹੁੰਚ ਉੱਚ ਸਿੱਖਿਆ ਦੇ ਪੱਧਰ ਨੂੰ ਚੁਣੌਤੀ ਹੈ। ਇਹ ਸਿੱਖਿਆ ਨੂੰ ਵਿਕਸਤ ਕਰਨ ਲਈ ਹੁੰਦੇ ਹਨ ਅਤੇ ਪੜਾਈ ਦਾ ਕੰਮ ਲਚਕੀਲਾ ਕਰਨ, ਅਧਾਰਤ ਸਮੱਗਰੀ ਕਾਰਜ ਨੂੰ ਉਤਪਨ ਕਰਨ ਅਤੇ ਸਿੱਖਣ ਦੇ ਵਾਤਾਵਰਰਨ ਨੂੰ ਚੰਗਾ ਬਣਾਉਣਾ ਲਈ ਹੈ।

ਇਹ ਅਗੇਤਰ ਨਿਰਧਾਰਨ ਹਰੇਕ ਵਿਦਿਆਰਥੀ ਦੇ ਤਾਕਤ, ਕਮਜੋਰੀ ਦੇ ਖੇਤਰ ਬਾਰੇ ਜਾਣਕਾਰੀ ਨੂੰ ਇਕੱਠਾ ਕਰ ਸਕਦੇ ਹਨ। ਇਹ ਹਰੇਕ ਵਿਦਿਆਰਥੀ ਦੇ ਸਿੱਖਣ ਦੀ ਲੋੜ ਅਤੇ ਪਸੰਦ ਦੀ ਪਛਾਣ ਕਰਦਾ ਹੈ, ਜੋ ਕਿ ਉਚਿਤ ਫ਼ਰਕ ਕਰਨ ਲਈ ਅਗਵਾਈ ਕਰਦਾ ਹੈ।

**(b) ਚਲ ਰਿਹਾ ਨਿਰਧਾਰਨ (Ongoing Assessment)**

ਇਹ ਚੱਲ ਰਹੇ ਨਿਰਧਾਰਨ ਸਾਰੇ ਵਿਦਿਆਰਥੀ ਦੀ ਪ੍ਰਾਪਤੀ ਨੂੰ ਵਧਾਉਣ ਲਈ ਵਧੀਆ ਢੰਗ ਨਾਲ ਸਿੱਖਿਆ ਅਤੇ ਸਿੱਖਣ ਰਣਨੀਤੀ ਅਤੇ ਵਿਦਿਆਰਥੀ ਦੀ ਲੋੜ ਨੂੰ ਪਤਾ ਕਰਨ ਲਈ ਸਹਾਇਕ ਹੈ। ਅਧਿਆਪਕ ਚੱਲ ਰਹੇ ਨਿਰਧਾਰਨ ਦਾ ਇਸਤੇਮਾਲ ਵਿਦਿਆਰਥੀ ਦੇ ਗਿਆਨ ਅਤੇ ਸਮੱਰਥਾ ਬਾਰੇ ਜਾਣਕਾਰੀ ਇੱਕਠੀ ਕਰਨ ਲਈ ਅਤੇ ਉਸਦੇ ਭਵਿੱਖ ਯੋਜਨਾ ਦੀ ਅਗਵਾਈ ਨੂੰ ਪਤਾ ਕਰਨ ਲਈ ਸਹਾਇਤਾ ਕਰਦਾ ਹੈ। ਅਧਿਆਪਕ ਨੂੰ ਇਸਦਾ ਨਿਰਧਾਰਨ ਦਾ ਇਸਤੇਮਾਲ ਰੋਜ਼ ਕਰਨਾ ਚਾਹੀਦਾ ਹੈ ਤਾਂ ਕਿ ਉਹ ਵਿਦਿਆਰਥੀ ਦੀਆਂ ਰੁਚੀਆਂ, ਸਿੱਖਣ ਦੀ ਪਸੰਦ ਨੂੰ ਸਮਝਣ ਅਤੇ ਉਸਦੀ ਸਿੱਖਣ ਸ਼ਕਤੀ ਨੂੰ ਸੁਧਾਰ ਸਕੇ ਅਤੇ ਇਹ ਜਾਣਕਾਰੀ

ਡਾਈਗਨੌਸਟਿਕ (ਪ੍ਰੀ ਨਿਰਧਾਰਨ) ਵਿਅਕਤੀਗਤ ਸਿੱਖਿਆ ਪਲਾਨ, ਓਨਟਾਰੀਓ ਰਿਕਾਰਡ, ਵਿਦਿਆਰਥੀ ਸਰਵੇਖਣ ਅਤੇ ਮਲਟੀਪਲ ਖੁਫ਼ੀਆਂ ਜਾ ਸਿੱਖਣ ਸ਼ੈਲੀ ਤੋਂ ਵੀ ਪ੍ਰਾਪਤ ਕਰ ਸਕਦਾ ਹੈ।

**(C) ਵਸਤੂ (Content)**

ਸਬਕ ਦੀ ਸਮੱਗਰੀ ਇਸਤੇ ਅਧਾਰਿਤ ਹੈ ਕਿ ਕੀ ਵਿਦਿਆਰਥੀ ਜਾਣਦੇ ਹਨ ਅਤੇ ਇਸ ਤਰ੍ਹਾਂ ਇਸ ਨੂੰ ਵੱਖ-ਵੱਖ ਕੀਤਾ ਜਾ ਸਕਦਾ ਹੈ। ਇੱਕ ਸਮੱਗਰੀ (ਸਬਕ ਦੀ ਬੁਨਿਆਦੀ ਸਮੱਗਰੀ) ਨੂੰ ਜ਼ਿਲ੍ਹੇ ਅਤੇ ਰਾਜ ਦੁਆਰਾ ਨਿਰਧਾਰਿਤ ਸਿੱਖਣ ਦੇ ਮਿਆਰ ਦੇ ਧੰਦੇ ਨੂੰ ਪੂਰਾ ਕਰਨਾ ਚਾਹੀਦਾ ਹੈ। ਇੱਕ ਜਮਾਤ ਵਿੱਚ ਕੁਝ ਵਿਦਿਆਰਥੀ ਨੂੰ ਇੱਕ ਸਬਕ ਵਿੱਚ ਧਾਰਨਾ ਦੇ ਨਾਲ ਪੂਰੀ ਤਰ੍ਹਾਂ ਜਾਣੂ ਕੀਤਾ ਜਾ ਸਕਦਾ ਹੈ, ਕੁਝ ਵਿਦਿਆਰਥੀ ਦੀ ਸਮੱਗਰੀ ਦੇ ਅੰਸ਼ਕ ਮੁਹਾਰਤ ਹੋ ਸਕਦਾ ਹੈ ਅਤੇ ਕੁਝ ਸਮੱਗਰੀ ਬਾਰੇ ਗਲਤ ਵਿਚਾਰ ਵਿਖਾਉਣਗੇ। ਕੁਝ ਵਿਦਿਆਰਥੀਆਂ ਵਿੱਚ ਸਮੱਗਰੀ ਦਾ ਮੁਹਾਰਤ ਦੇਖਿਆ ਜਾ ਸਕਦਾ ਹੈ।

**(D) ਕਾਰਵਾਈ (Process)**

ਕਾਰਵਾਈ ਲਈ ਇੱਕ ਸਬਕ ਦੀ ਸਮੱਗਰੀ ਸਾਰੇ ਵਿਦਿਆਰਥੀਆਂ ਲਈ ਵੱਖ-ਵੱਖ ਕੀਤੀ ਜਾ ਸਕਦੀ ਹੈ। ਇਸਨੂੰ ਵਿਦਿਆਰਥੀਆਂ ਦੀ ਉਮਰ, ਪੱਧਰ ਅਤੇ ਇੱਕ ਵਿਸ਼ੇ ਬਾਰੇ ਪੜ੍ਹਨ ਨੂੰ ਤਰਜੀਹ ਅਤੇ ਸਿੱਖਣ ਸਟਾਈਲ ਤੇ ਅਧਾਰਿਤ ਵੱਖ-ਵੱਖ ਕੀਤਾ ਜਾ ਸਕਦਾ ਹੈ। ਅਧਿਆਪਕ ਜਾਣਕਾਰੀ ਨੂੰ ਕਈ ਤਰੀਕੇ ਵਿੱਚ ਪੇਸ਼ ਕਰ ਸਕਦਾ ਹੈ ਅਤੇ ਇਹ ਕਿਸੇ ਵੀ ਉਪਲਬਧ ਢੰਗ ਜਾਂ ਸਮੱਗਰੀ ਦੇ ਅਧਾਰ ਤੇ ਕੀਤਾ ਜਾ ਸਕਦਾ ਹੈ। ਕਈ ਅਧਿਆਪਕ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ ਬਹੁ Intelligence ਦੇ ਖੇਤਰ ਨੂੰ ਵਰਤਦੇ ਹਨ।

**(E) ਸਿੱਖਣ ਵਾਤਾਵਰਨ (Learning Environment)**

ਸਿੱਖਣ ਵਾਤਾਵਰਨ ਵਿੱਚ ਜਮਾਤ ਦਾ ਭੌਤਿਕ ਵਾਤਾਵਰਨ, ਅਧਿਆਪਕ, ਸਪੇਸ, ਰੌਸ਼ਨੀ ਸਮੇਤ ਵਾਤਾਵਰਨ ਤੱਤ ਅਤੇ ਸੰਵੇਦਨਸ਼ੀਲਤਾ ਦੇ ਨਾਲ-ਨਾਲ ਜਮਾਤ ਦੇ ਸਮੁੱਚੇ ਮਾਹੌਲ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਅਧਿਆਪਕ ਦਾ ਟੀਚਾ ਹਰੇਕ ਵਿਦਿਆਰਥੀ ਲਈ ਸਾਕਾਰਤਮਕ ਵਿਧੀਵਤ ਅਤੇ ਮਦਦਗਾਰ ਮਾਹੌਲ ਬਣਾਉਣਾ ਹੁੰਦਾ ਹੈ। ਅਧਿਆਪਕ ਨੂੰ ਜਮਾਤ ਪ੍ਰਬੰਧ ਤਕਨੀਕ ਨੂੰ ਵਰਤਣਾ ਚਾਹੀਦਾ ਹੈ ਜੋ ਕਿ ਇੱਕ ਸੁੱਰਖਿਅਤ ਅਤੇ ਸਹਾਇਕ ਸਿੱਖਣ ਦੇ ਵਾਤਾਵਰਨ ਲਈ ਸਹਿਯੋਗੀ ਹੋਵੇ।

ਅੰਤਰ ਅਨੁਸ਼ਾਸਨਿਕ ਪਹੁੰਚ ਇੱਕ ਬਹੁਤ ਹੀ ਜ਼ਿਆਦਾ ਸਮਾਂ ਲੈਣ ਵਾਲੀ ਪਹੁੰਚ ਹੈ ਪਰ ਇਸ ਵਿੱਚ ਵਿਦਿਆਰਥੀ ਦੀ ਸਮਝ ਅਤੇ ਸਿੱਖਿਆ ਵਿੱਚ ਬਹੁਤ ਵਾਧਾ ਹੁੰਦਾ ਹੈ। ਵਿਦਿਆਰਥੀ ਵਿੱਚ ਉੱਚ ਸਿੱਖਣ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਫਰਕ ਵਿੱਚ ਅਲੱਗ ਅਲੱਗ ਪੱਧਰਾ ਦੇ ਬੱਚਿਆਂ ਨੂੰ ਅੱਲਗ ਅੱਲਗ ਸਮੱਗਰੀ ਮਹੁੱਈਆਂ ਕਰਵਾਈ ਜਾਂਦੀ ਹੈ। ਇਹ ਸਮੱਗਰੀ ਭਿੰਨਤਾ ਯੋਗਤਾ ਅਨੁਸਾਰ ਹੁੰਦੀ ਹੈ। ਵਿਸਤਾਰ ਪਹੁੰਚ ਗਿਫਟਡ ਵਿਦਿਆਰਥੀ ਵਾਸਤੇ ਹੁੰਦੀ ਹੈ ਅਤੇ ਇਸ ਵਿੱਚ ਅਧਿਆਪਕ ਸਭ ਤੋਂ ਪਹਿਲਾਂ ਵਿਦਿਆਰਥੀ ਦੀ ਸਮਝ ਸ਼ਕਤੀ ਦਾ ਪਤਾ ਕਰਦੇ ਹਨ ਉਹਨਾਂ ਨੂੰ ਗਤੀਵਿਧੀਆਂ ਕਰਵਾਉਂਦੇ ਹਨ। ਜਿਸ ਤੋਂ ਉਹਨਾਂ ਦੀ ਸਮਝ ਸ਼ਕਤੀ ਦਾ ਪਤਾ ਲੱਗਦਾ ਹੈ। ਇਸ ਵਿੱਚ ਅਲੱਗ Session ਦੇ ਵਿੱਚ ਚਣੌਤੀਪੂਰਨ ਕੰਮ ਦਿੱਤੇ ਜਾਂਦੇ ਹਨ ਅਤੇ ਇਸ ਦਾ ਸਭ ਤੋਂ ਜ਼ਿਆਦਾ ਫਾਇਦਾ ਇਹ ਹੈ ਕਿ ਵਿਦਿਆਰਥੀ ਰੈਗੂਲਰ ਕੰਮ ਤੋਂ ਅਲੱਗ ਕੰਮ ਕਰਦਾ ਹੈ ਅਤੇ ਬੋਰੀਅਤ ਸਾਮਲ ਨਹੀਂ ਹੁੰਦੀ ਸਗੋਂ ਉਹ ਆਨੰਦ ਮਹਿਸੂਸ ਕਰਦੇ ਹਨ।

## ਪਾਠ ਵਿਚਲੇ ਲਘੂ ਪ੍ਰਸ਼ਨ

1. ਪਾਠਕ੍ਰਮ ਵਿਕਾਸ ਦੀ ਅੰਤਰ ਅਨੁਸ਼ਾਸਨਿਕ ਪਹੁੰਚ ਤੋਂ ਤੁਸੀ ਕੀ ਸਮਝਦੇ ਹੋ?

   ..........................................................................................................

   ........................................................................................................

2. ਪਾਠਕ੍ਰਮ ਵਿਕਾਸ ਵਿੱਚ ਟੀਚਿਆਂ ਦੇ ਨਿਰਮਾਨ ਦਾ ਕੀ ਮਹੱਤਵ ਹੈ।

..................................................................................................................
..................................................................................................................

**1.3.7 ਪਾਠਕ੍ਰਮ ਦੀ ਵਿਵਹਾਰਿਕਤਾ**:- ਪਾਠਕ੍ਰਮ ਦੇ ਵਿਕਾਸ ਦਾ ਕੰਮ ਸਿਰਫ ਪਾਠਕ੍ਰਮ ਦੇ ਨਿਰਮਾਣ ਨਾਲ ਖਤਮ ਨਹੀਂ ਹੁੰਦਾ। ਸਗੋਂ ਇਹ ਨਿਰਮਿਤ ਕੀਤੇ ਗਏ ਪਾਠਕ੍ਰਮ ਦੀ ਵਿਵਹਾਰਿਕਤਾ ਨਿਭਾਉਣ ਵੱਲ ਵੀ ਜਾਂਦਾ ਹੈ।

1. ਖੇਤਰੀ ਅਮਲੇ ਲਈ ਮੁੱਖ ਬਦਲਾਵ
(i) ਨਵੇਂ ਢਾਂਚੇ ਅਤੇ ਪ੍ਰਕ੍ਰਿਆ
(ii) ਟ੍ਰੇਨਿੰਗ
(iii) ਟਾਇਮ ਟੇਬਲ ਦੀ ਮੰਗ
(iv) ਸੇਵਾ ਮੁਹਈਆਂ ਕਰਾਉਣ ਅਤੇ ਦੂਜੀਆਂ ਏਜੰਸੀਆਂ ਨਾਲ ਸੰਬੰਧਾਂ ਲਈ ਮਜਬੂਤ ਸ਼ਕਤੀ।
2. ਉਪਲੱਬਧਤਾ ਅਤੇ ਮੁਹਈਆ ਕਰਨ ਵਿਚ ਸੰਤੁਲਨ
3. ਕਰਮਚਾਰੀਆਂ ਦੀ ਭਾਗੀਦਾਰੀ
4. ਭੱਤੇ-ਜਨਤਕ ਖੇਤਰ ਨੂੰ ਆਪਣਾ ਭਾਗ ਨਿਭਾਉਣਾ ਚਾਹੀਦਾ ਹੈ।
5. ਅਧਿਆਪਕਾਂ ਅਤੇ ਸੰਸਥਾਵਾਂ ਲਈ ਨਵਾਂ ਖੇਤਰ
(i) ਨਵੀਨ ਅਧਿਆਪਨ
(ii) ਸਕੂਲੀ ਮੁੱਲ
6. ਮਜਬੂਤ ਸੰਚਾਰ ਲਈ ਵਧੀਆ ਅੰਤਰ-ਵਿਸ਼ਾ ਸੰਬੰਧਾਂ ਦੇ ਸਾਧਨ
(i) ਚੰਗਾ ਸਿੱਖਣ ਵਾਤਾਵਰਨ
7. ਨਵੇਂ ਕੋਰਸ, ਸੋਚਣ ਦੇ ਨਵੇਂ ਢੰਗ, ਮੁਲਾਂਕਣ ਅਤੇ ਸਹਾਇਤਾ
(i) ਡਿਪਲੋਮਾ - ਨਿੱਜੀ ਸਿੱਖਣ ਲਈ ਬਿਲਕੁਲ ਨਵਾਂ ਕੋਰਸ ਢਾਂਚਾ
8. ਲੋੜ ਅਨੁਸਾਰ ਲਚਕਸ਼ੀਲਤਾ
(i) ਸਹੀ ਤਕਨੀਕ
(ii) ਨਿਯੋਜਨ
(iii) ਸੋਮੇ
(iv) ਟ੍ਰੇਨਿੰਗ :- ਪ੍ਰੋਫੈਸ਼ਨਲ ਵਿਕਾਸ
(v) ਮਿਣਤੀ ਦੀਆਂ ਤਕਨੀਕਾਂ, ਗਤੀਵਿਧੀਆਂ ਅਤੇ ਸੋਮੇ

**1.3.8 ਸਾਰ:-**

ਸਾਰੇ ਪਾਠਕ੍ਰਮ ਜਾਂ ਕੋਰਸ ਦੀ ਪ੍ਰਭਾਵਸ਼ੀਲਤਾ ਪਾਠਕ੍ਰਮ ਦੇ ਅੰਦਰ ਹੁੰਦੀ ਹੈ ਜਦੋਂ ਪਾਠਕ੍ਰਮ ਨੂੰ ਮੁਲਾਂਕਿਤ ਕੀਤਾ ਜਾਂਦਾ ਹੈ ਤਾਂ ਇਸਨੂੰ ਬਣਾਉਣ, ਵਿਕਸਤ ਕਰਨ ਅਤੇ ਵਿਵਹਾਰਿਕਤਾ ਵਿਚ ਲਿਆਉਣ ਸੰਬੰਧੀ ਇਛੱਤ ਟੀਚੇ ਪ੍ਰਾਪਤ ਕੀਤੇ ਜਾਂਦੇ ਹਨ।

**1.3.9 ਮੁੱਖ ਸੰਕਲਪ**

1. ਪਾਠਕ੍ਰਮ ਵਿਕਾਸ- ਇਹ ਇਕ ਯੋਜਨਾਬੱਧ ਵਿਚਾਰਸੀਲ ਅਤੇ ਜਾਣਬੁਝ ਕੇ ਕੀਤੀ ਗਈ ਕਾਰਵਾਈ ਹੈ ਜੋ ਵਿਦਿਆਰਥੀਆਂ ਲਈ ਸਿੱਖਣ ਦੇ ਅਨੁਭਾਵਾਂ ਦੀ ਗੁਣਵੱਤਾ ਅਤੇ ਪ੍ਰਭਾਵ ਨੂੰ ਵਧਾਉਦੀ ਹੈ।

### 1.3.10 ਸਵੈ ਮੁਲਾਂਕਣ ਅਭਿਆਸ: ਖਾਲੀ ਥਾਵਾਂ ਭਰੋ।

1) ਹਿਲਡਾ ਤਾਬਾ ਦੇ ਪਾਠਕਮ ਦਾ............ਪੜਾਅ ਦਾ ਮਾਡਲ ਪੇਸ ਕੀਤਾ ਹੈ।
2) ਸੇਲਰ ਅਤੇ ਅਲੈਗਜੈਨਡਰ ਨੇ............ ਪੜਾਅ ਦੀ ਯੋਜਨਾਬੰਦੀ ਮਾਡਲ ਤਿਆਰ ਕੀਤਾ।
3) ਵਿਸਿਸਟੀਕਰਨ ਪਹੁੰਚ ਨੂੰ............... ਸਿੱਖਣ ਵੀ ਕਿਹਾ ਜਾਂਦਾ ਹੈ।
4) ਪਾਠਕ੍ਰਮ ਦਾ ਖੋਜ਼ ਪੜਾਈ ਮਾਡਲ..........ਨੇ ਤਿਆਰ ਕੀਤਾ।
5) .............ਪਹੁੰਚ ਪ੍ਰਤਿਭਾਸਾਲੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਉੱਚ ਸਿੱਖਿਆ ਅਤੇ ਮਿਆਰਾਂ ਲਈ ਹੈ।

ਉਤਰ: 1. ਸੱਤ 2.ਚਾਰ 3. ਵੱਖ 4. ਅਨਰੂ ਅਤੇ ਅਨਰੂ 5. ਵਿਸਤਾਰ

### 1.3.11 ਸੁਝਾਏ ਪ੍ਰਸ਼ਨ

1. ਪਾਠਕ੍ਰਮ ਦੇ ਵਿਕਾਸ ਦੇ ਸੰਕਲਪ ਦੀ ਵਿਸਥਾਰ ਵਿਚ ਚਰਚਾ ਕਰੋ।
2. ਪਾਠਕ੍ਰਮ ਦੇ ਵਿਕਾਸ ਦੇ ਕਿਹੜੇ-2 ਵਿਭਿੰਨ ਪੜਾਅ ਹਨ ਇਨ੍ਹਾਂ ਪੜਾਵਾਂ ਦੀ ਵਿਸਥਾਰ ਵਿਚ ਚਰਚਾ ਕਰੋ।
3. ਪਾਠਕ੍ਰਮ ਵਿਕਾਸ ਦੀਆਂ ਪਹੁੰਚਾਂ ਬਾਰੇ ਵਿਸਤਾਰ ਨਾਲ ਲਿਖੋ।

### 1.3.12 ਸੁਝਾਈ ਕਿਤਾਬਾਂ ਅਤੇ ਵੈੱਬ ਸੋਮੇ

1. ਡਾ. ਐਸ. ਕੇ ਮੰਗਲ : ਪਾਠਕ੍ਰਮ ਅਤੇ ਸਕੂਲ ਪ੍ਰਬੰਧ
2. ਡਾ. ਡੀ. ਐਸ. ਸ਼੍ਰੀਵਾਸਤਵਾ: ਪਾਠਕ੍ਰਮ ਅਤੇ ਅਨੁਦੇਸ਼ਨ
3. ਸੁਹੇ ਪ੍ਰਿੰਟ : ਪਾਠਕ੍ਰਮ ਵਿਕਾਸ ਅਤੇ ਡਿਜਾਈਨ

ਪਾਠ ਨੰ. 1.4 ਲੇਖਕ : ਡਾ. ਸ਼ਾਲੂ ਗੋਇਲ

**Converted into SLM by: Dr. Amita, ਅਨੁਵਾਦਿਤ : ਯੁਵਰਾਜ ਅਰੋੜਾ**

Last updated on January, 2026

## ਪਾਠਕ੍ਰਮ ਵਿਚ ਹਿੱਤਧਾਰਕ : ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ, ਅਧਿਆਪਕ ਦਾ ਤਜ਼ਰਬਾ, ਮਾਪਿਆਂ ਦੀਆਂ ਉਮੀਦਾਂ

ਬਣਤਰ

1.4.1 ਉਦੇਸ਼
1.4.2 ਭੂਮਿਕਾ
1.4.3 ਹਿੱਤਧਾਰਕਾਂ ਦਾ ਅਰਥ
1.4.4 ਸਿਖਿਆ ਵਿਚ ਹਿੱਤਧਾਰਕ
1.4.5 ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ ਹਿੱਤਧਾਰਕ ਦੇ ਰੂਪ ਵਿਚ
1.4.6 ਅਧਿਆਪਕਾਂ ਦਾ ਤਜ਼ਰਬਾ ਹਿੱਤਧਾਰਕ ਦੇ ਰੂਪ ਵਿਚ
1.4.7 ਨਵੇਂ ਪਾਠਕ੍ਰਮ ਨੂੰ ਲਾਗੂ ਕਰਨ ਵਿਚ ਪ੍ਰਭਾਵਿਤ ਕਰਨ ਵਾਲੇ ਤੱਤ
1.4.8 ਮਾਪਿਆਂ ਦਾ ਤਜ਼ਰਬਾ ਹਿੱਤਧਾਰਕਾਂ ਦੇ ਰੂਪ ਵਿਚ
1.4.9 ਸਾਰਾਂਸ਼
1.4.10 ਮੁੱਖ ਸੰਕਲਪ
1.4.11 ਸਵੈ ਮੁਲਾਂਕਣ ਅਭਿਆਸ
1.4.12 ਸੁਝਾਏ ਗਏ ਪ੍ਰਸ਼ਨ
1.4.13 ਪੁਸਤਕਾਂ ਅਤੇ ਵੈਬ-ਸਰੋਤ

### 1.4.1 ਉਦੇਸ਼

ਇਸ ਪਾਠ ਨੂੰ ਪੜ੍ਹਨ ਤੋਂ ਬਾਦ ਤੁਸੀਂ

1. ਪਾਠਕ੍ਰਮ ਵਿਚ ਹਿੱਤਧਾਰਕ ਸ਼ਬਦ ਨੂੰ ਪਰਿਭਾਸ਼ਿਤ ਕਰ ਸਕੋਗੇ।
2. ਪਾਠਕ੍ਰਮ ਵਿਚ ਹਿੱਤਧਾਰਕਾਂ ਦੀਆਂ ਵੱਖ ਵੱਖ ਕਿਸਮਾਂ ਬਾਰੇ ਕਰ ਸਕੋਗੇ।
3. ਪਾਠਕ੍ਰਮ ਵਿਚ ਹਿੱਤਧਾਰਕਾਂ ਦੇ ਰੂਪ ਵਿਚ ਸਿਖਿਆਰਥੀਆਂ ਦੀ ਵਿਸ਼ੇਸ਼ਤਾਵਾਂ ਕਰ ਸਕੋਗੇ।
4. ਪਾਠਕ੍ਰਮ ਵਿਚ ਹਿੱਤਧਾਰਕ ਦੇ ਰੂਪ ਵਿਚ ਅਧਿਆਪਕਾਂ ਦੀ ਭੂਮਿਕਾ ਦੀ ਵਿਆਖਿਆ ਕਰ ਸਕੋਗੇ।
5. ਪਾਠਕ੍ਰਮ ਵਿਚ ਹਿੱਤਧਾਰਕ ਦੇ ਰੂਪ ਵਿਚ ਮਾਪਿਆਂ ਦੀ ਉਮੀਦਾਂ ਦੀ ਵਿਆਖਿਆ ਕਰ ਸਕੋਗੇ।

### 1.4.2 ਭੂਮਿਕਾ

ਵਿਦਿਆਰਥੀਓ, ਜਦੋ ਅਸੀ ਸੋਚਦੇ ਹਾਂ ਕਿ ਪਾਠਕ੍ਰਮ ਦੇ ਵਿਕਾਸ ਵਿਚ ਹਿਸੇਦਾਰ ਕੌਣ ਹੋ ਸਕਦੇ ਹਨ, ਤਾਂ ਤੁਰੰਤ ਸਾਡੇ ਦਿਮਾਗ ਵਿਚ ਸਕੂਲ ਬੋਰਡ ਦੇ ਮੈਬਰ, ਪ੍ਰਬੰਧਕ ਅਤੇ ਅਧਿਆਪਕ ਆ ਜਾਂਦੇ ਹਨ। ਉਨ੍ਹਾਂ ਵਿਚੋਂ ਹਰ ਇਕ ਚਾਹੁੰਦੇ ਹਨ ਕਿ ਉਨ੍ਹਾਂ ਦੇ ਕੰਮ ਦਾ ਬੱਚਿਆਂ ਤੇ ਸਕਾਰਾਤਮਕ ਅਸਰ ਹੋਵੇ, ਅਤੇ ਉਨ੍ਹਾਂ ਦੀਆਂ ਨੌਕਰੀਆਂ ਸਿੱਧੇ ਤੌਰ ਤੇ ਸਕੂਲ ਪ੍ਰਣਾਲੀ ਦੀ ਸਫਲਤਾ ਨਾਲ ਪ੍ਰਭਾਵਤ ਹੋਣ। ਮਾਪੇ ਆਪਣੇ ਬੱਚਿਆਂ ਲਈ ਇਕ ਸਫਲ ਵਿਦਿੱਆ ਪ੍ਰਣਾਲੀ ਦੀ ਇੱਛਾ ਰੱਖਦੇ ਹਨ, ਜਦੋ ਕਿ ਵਿਦਿਆਰਥੀ ਖੁਦ ਇਕ ਚੰਗੀ ਸਿੱਖਿਆ ਪ੍ਰਾਪਤ ਕਰਨ ਵਿਚ ਦਿਲਚਪਸੀ ਰੱਖਦੇ ਹਨ। ਇਸ ਤੋਂ ਇਲਾਵਾ

*ਸਰਕਾਰੀ ਅਧਿਕਾਰੀ ਜਿਵੇ ਕਿ ਸਿਟੀ ਕੌਸਲਰ ਅਤੇ ਰਾਜ ਦੇ ਨੁਮਾਇਦੀਂਆਂ ਉਤੇ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਬਾਰੇ ਚਰਚਾ ਕਰਨਾ ਵੀ ਆਸਾਨ ਹੈ ਕ੍ਰਿਉਕਿ ਵੋਟਰ ਆਪਣੇ ਫੈਸਲਿਆ ਨੂੰ ਉਸ ਤਰੀਕੇ ਨਾਲ ਆਧਾਰਤ ਕਰ ਸਕਦੇ ਹਨ ਜਿਸ ਤਰ੍ਹਾਂ ਦੇ ਅਧਿਅਕਾਰੀ ਸਕੂਲ ਪ੍ਰਣਾਲੀ ਦਾ ਸਮਰਥਨ ਕਰਦੇ ਹਨ। ਇਸ ਤੋਂ ਇਲਾਵਾਂ, ਸਮੁੱਚੇ ਤੌਰ ਤੇ ਸਮਾਦਾਇ ਇਸ ਦੀ ਸਿੱਖਿਆਂ ਪ੍ਰਣਾਲੀ ਵਿਚ ਹਿਸੇਦਾਰ ਹੈ। ਇਹ ਇਸ ਲਈ ਹੈ ਕਿਉਂਕਿ ਸਥਾਨਕ ਸਕੂਲ ਭਵਿੱਖ ਦੇ ਕਰਮਚਾਰੀ ਕਾਰੋਬਾਰਾਂ ਦੇ ਮਾਲਕਾਂ ਅਤੇ ਸਮੁਦਾਇ ਦੇ ਨੇਤਾਵਾਂ ਨੂੰ ਸਿਖਿਅਤ ਕਰਦੇ ਹਨ। ਇਕ ਠੋਸ ਸਿੱਖਿਆ ਪ੍ਰੋਗਰਾਮ ਆਪਣੇ ਵਿਦਿਆਰਥੀਆ ਨੂੰ ਬਿਹਤਰ ਸਮੁਦਾਏ ਦਾ ਬਿਹਤਰ ਮੈਬਰ ਬਣਨ ਲਈ ਬਿਹਤਰ ਢੰਗ ਨਾਲ ਤਿਆਰ ਕਰਕੇ ਇਕ ਮਜਬੂਤ ਸਮੁਦਾਏ ਬਣਾਉਣਾ ਹੈ। ਕਿਉਂਕਿ ਕਿਸੇ ਸਮੁਦਾਏ ਦੇ ਸਾਰੇ ਮੈਬਰ ਇਸ ਦੀ ਸਿੱਖਿਆਂ ਪ੍ਰਣਾਲੀ ਦੇ ਹਿੱਸੇਦਾਰ ਹਨ, ਇਹ ਜਾਣਨਾ ਬਹੁਤ ਚਿਲਚਪਸ ਹੋਵੇਗਾ ਕਿ ਹਰੇਕ ਵਿਅਕਤੀਗਤ ਹਿਸੇਦਾਰ ਕਿਵੇਂ ਮਹੱਤਵਪੂਰਨ ਹੈ। ਹਰ ਵੱਖਰੇ ਹਿਸੇਦਾਰ ਸਿੱਖਿਆਂ ਪ੍ਰਣਾਲੀ ਦੇ ਸਮਰਨਥਨ ਵਿਚ ਇਕ ਵੱਖਰੀ, ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ। ਇਸ ਅਧਿਆਇ ਵਿਚ ਆਓ ਆਪਾਂ ਉਨ੍ਹਾਂ ਵਿਚੋਂ ਕੁਝ ਉਤੇ ਵਿਚਾਰ ਕਰੀਏ।*

### 1.4.3 ਹਿੱਤਧਾਰਕ ਦਾ ਅਰਥ

*ਹਿੱਤਧਾਰਕ ਇੱਕ ਅਜਿਹਾ ਵਿਅਕਤੀ ਜਾਂ ਸਮੂਹ ਹੁੰਦਾ ਹੈ ਜੋ ਕਿ ਕਿਸੇ ਸੰਸਥਾ ਦੀਆਂ ਗਤੀਵਿਧੀਆਂ ਵਿੱਚ ਰੁਚੀ ਲੈਂਦਾ ਹੈ। ਹਿੱਤਧਾਰਕ ਸੰਸਥਾ ਦੀਆਂ ਕ੍ਰਿਆਵਾਂ, ਉਦੇਸ਼ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੁੰਦਾ ਹੈ। ਹਿੱਤਧਾਰਕ ਦੀਆਂ ਉਦਾਹਰਨਾਂ ਹਨ - ਲੈਣਦਾਰ, ਨਿਰਦੇਸ਼ਕ, ਕਰਮਚਾਰੀ, ਸਰਕਾਰ ਅਤੇ ਉਸਦੀਆਂ ਏਜੰਸੀਆਂ, ਮਾਲਿਕ, ਸਪਲਾਇਰ, ਯੂਨੀਅਨ ਅਤੇ ਸਮੁਦਾਇ।*

*ਲੇਅਮੈਨ ਦੇ ਅਨੁਸਾਰ - ਉਹ ਵਿਅਕਤੀ ਜਾਂ ਬਿਜਨਸ ਜੋ ਕਿਸੇ ਕੰਪਨੀ ਆਦਿ ਵਿਚ ਪੈਸਾ ਲਗਾਉਂਦੇ ਹਨ, ਉਹਨਾਂ ਨੂੰ ਹਿੱਤਧਾਰਕ ਕਿਹਾ ਜਾਂਦਾ ਹੈ।*

### 1.4.4 ਪਾਠਕ੍ਰਮ ਵਿਚ ਹਿੱਤਧਾਰਕ

*ਪਾਠਕ੍ਰਮ ਵਿਚ ਬਹੁਤ ਸਾਰੇ ਹਿਤਧਾਰਕ ਹਨ ਜੋਕਿ ਬੱਚਿਆਂ ਦੀ ਚੰਗੀ ਪਰਵਰਿਸ਼ ਕਰਨ ਵਿੱਚ ਆਪਣੀ ਪ੍ਰਭਾਵਸ਼ਾਲੀ ਭੂਮਿਕਾ ਅਦਾ ਕਰਦੇ ਹਨ। ਇਹ ਹਿੱਤਧਾਰਕ ਸਿੱਖਿਆ ਵਿੱਚ ਵੱਖ-ਵੱਖ ਰੋਲ ਨਿਭਾਉਂਦੇ ਹਨ। ਵੱਖ-ਵੱਖ ਸਿੱਖਿਆ ਦੇ ਹਿੱਤਧਾਰਕ ਇਸ ਪ੍ਰਕਾਰ ਹਨ :-*

- ਬੱਚਾ ਆਪ
- ਮਾਪੇ ਅਤੇ ਪਰਿਵਾਰ
- ਅਧਿਆਪਕ
- ਮੁੱਖ ਅਧਿਆਪਕ
- ਸਮੁਦਾਇ
- ਬਿਜਨਸ ਅਤੇ ਇੰਡਸਟਰੀ
- ਪੂਰਵ-ਵਿਦਿਆਰਥੀ ਐਸੋਸੀਏਸ਼ਨ
- ਮੈਨੇਜਮੈਂਟ ਕਮੇਟੀ, ਸਕੂਲ ਐਡਵਾਇਜ਼ਰੀ

### 1.4.5 ਸਿੱਖਿਆਰਥੀ ਦੀਆਂ ਵਿਸ਼ੇਸ਼ਤਾਵਾਂ ਹਿੱਤਧਾਰਕ ਦੇ ਰੂਪ ਵਿਚ

*ਸਿਖਿਆਰਥੀ ਪਾਠਕ੍ਰਮ ਦੇ ਮੁਢਲੇ ਹਿੱਸੇਦਾਰ ਹਨ। ਇਸ ਲਈ ਪਾਠਕ੍ਰਮ ਦੇ ਵਿਕਾਸ ਲਈ ਉਨ੍ਹਾਂ ਦੀਆਂ ਸਰਵ ਵਿਆਪਕ ਅਤੇ ਵਿਅਕਤੀਗਤ ਵਿਸ਼ੇਸ਼ਤਾਵਾਂ ਨੂੰ ਵਿਚਾਰਿਆ ਜਾਂਣਾ ਚਾਹੀਦਾ ਹੈ। ਇਹ ਗੁਣ ਇਹ ਹਨ:*

1. ਉਮਰ
2. ਲਿੰਗ
3. ਸਰੀਰਕ ਵਿਕਾਸ
4. ਮਾਨਸਿਕ ਵਿਕਾਸ
5. ਪਰਿਪੱਕਤਾ
6. ਰੁਚੀ
7. ਅਭਿਲਾਸ਼ਾ

ਪਾਠਕ੍ਰਮ ਦੀ ਸਫਲਤਾ ਸਿਰਫ ਸਿਖਿਆਰਥੀ ਦੀ ਸਿਖਲਾਈ ਦੀ ਹੱਦ ਮਾਪੀ ਜਾ ਸਕਦੀ ਹੈ। ਇਸ ਲਈ ਪਾਠਕ੍ਰਮ ਹਰ ਪਹਿਲੂ: ਉਸਦੀ ਰੁਚੀ ਜਰੂਰਤਾਂ, ਯੋਗਤਾਵਾਂ, ਸਮੱਰਥਾਵਾਂ ਅਤੇ ਤਜ਼ਰਬਿਆਂ ਦੇ ਦੁਆਲੇ ਘੁੰਮਣਾ ਚਾਹੀਦਾ ਹੈ।
ਅਧਿਐਨ ਦਾ ਕੋਰਸ ਸਿੱਖਿਆਰਥੀਆਂ ਦੇ ਸਭਿਆਚਾਰਕ ਪ੍ਰਸੰਗ ਵਿਚ ਬਦਲ ਰਹੇ ਸੁਭਾਅ ਅਤੇ ਵਿਕਾਸ ਦੀਆਂ ਜਰੂਰਤਾਂ ਦੇ ਆਲੇ ਦੁਆਲੇ ਸੰਗਠਿਤ ਹੋਣਾ ਚਾਹੀਦਾ ਹੈ।

ਇਕ ਪਾਠਕ੍ਰਮ ਕੇਵਲੇ ਉਦੋਂ ਹੀ ਪ੍ਰਭਾਵੀ ਦੱਸਿਆ ਜਾਂਦਾ ਹੈ ਜਦੋਂ ਇਹ ਸਾਰੇ ਵਿਦਿਆਰਥੀਆਂ/ਸਿੱਖਿਆਰਥੀਆਂ ਨੂੰ ਉਨ੍ਹਾਂ ਦੇ ਵੱਖੋ ਵੱਖਰੇ ਸਕੂਲ ਦੇ ਤਜ਼ਰਬਿਆਂ ਨੂੰ ਆਪਣੀ ਜ਼ਿੰਦਗੀ ਨਾਲ ਜੋੜਨ ਦੇ ਯੋਗ ਬਣਾਉਂਦਾ ਹੈ।

ਸਿਖਿਆਰਥੀ ਪਾਠਕ੍ਰਮ ਦੇ ਕੇਂਦਰ ਹੈ। ਸਿੱਖਿਆਰਥੀ ਹੀ ਉਹ ਕਾਰਨ ਹਨ ਕਿ ਜਿਨ੍ਹਾਂ ਲਈ ਪਾਠਕ੍ਰਮ ਤਿਆਰ ਕੀਤਾ ਜਾਂਦਾ ਹੈ, ਅਤੇ ਉਹ ਉਹ ਹੁੰਦੇ ਹਨ ਜੋ ਸਿੱਧੇ ਇਸ ਤੋਂ ਪ੍ਰਭਾਵਿਤ ਹੁੰਦੇ ਹਨ।

ਮੋਨਿਕ ਦੇ ਅਨੁਸਾਰ 'ਸਿੱਖਣ ਵਾਲੇ ਜਾਂ ਵਿਦਿਆਰਥੀ ਹੀ ਇਹੀ ਕਾਰਨ ਹਨ ਕਿ ਜਿਨ੍ਹਾਂ ਲਈ ਸਕੂਲ ਮੌਜੂਦ ਹਨ। ਜਿੰਦਗੀ ਦੀਆਂ ਵੱਖੋ ਵੱਖਰੀਆਂ ਸਥਿਤੀਆਂ ਦਾ ਸਾਹਮਣਾ ਕਰਨ ਲਈ ਸਿੱਖਿਆਰਥੀ ਦੇ ਗਿਆਨ, ਹੁਨਰ ਅਤੇ ਰਵੱਈਏ ਨੂੰ ਹੋਰ ਵਿਕਸਤ ਕਰਨਾ ਸਕੂਲ ਦੀ ਜਿਮੇਵਾਰੀ ਹੈ।

ਹਿਤਧਾਰਕ ਦੇ ਰੂਪ ਵਿਚ ਸਿਖਿਆਰਥੀ ਦੀਆਂ ਵਿਸ਼ੇਸ਼ਤਾਈਆਂ ਸਿਖਿਆਰਥੀਆਂ ਸੰਬੰਧੀ ਪਰੰਪਰਾਵਾਦੀ ਧਾਰਨਾਵਾਂ ਖਤਮ ਹੋ ਚੁੱਕੀਆਂ ਹਨ। ਸਿਖਿਆਰਥੀ ਆਪਣੀ ਹਰੇਕ ਗਤੀਵਿਧੀਆਂ ਵਿਚ ਗਤੀਸ਼ੀਲ ਭਾਗੀਦਾਰੀ ਲੈਂਦੇ ਹਨ।

**ਵਿਦਿਆਰਥੀਆਂ ਦੀ ਭੂਮਿਕਾ**

ਭਾਰਤ ਦੇ ਜਵਾਨ ਲੋਕ ਹੁਣ ਜਾਗਰੂਕ ਹੋ ਚੁੱਕੇ ਹਨ ਕਿ ਉਹਨਾਂ ਨੂੰ ਹੁਣ ਨਵਾਂ ਕੀ-ਕੀ ਉਪਲਬਧ ਕਰਵਾਇਆ ਜਾ ਰਿਹਾ ਹੈ। ਸ਼ਹਿਰਾਂ ਦੇ ਸਕੂਲਾਂ ਵਿਚ ਇਹਨਾਂ ਜਵਾਨ ਲੋਕਾਂ ਦੀ ਉਮੀਦਾਂ ਪਹਿਲਾਂਦੀਆਂ ਪੀੜ੍ਹੀਆਂ ਨਾਲੋਂ ਜਿਆਦਾ ਵੱਧ ਗਈਆਂ ਹਨ।

- ਇਹ ਅਨੁਭਵ ਕੀਤਾ ਜਾਂਦਾ ਹੈ ਕਿ ਜੋ ਵੀ ਸਿਖਿਆ ਉਹ ਪ੍ਰਾਪਤ ਕਰ ਰਹੇ ਹਨ, ਉਹ ਉਹਨਾਂ ਨੂੰ ਸੰਸਾਰਿਕ ਕੰਮਾਂ ਲਈ ਤਿਆਰ ਨਹੀਂ ਕਰ ਰਹੀ। ਆਪਣੀ ਪਰਿਵਾਰ ਦੀ ਮਦਦ ਨਾਲ, ਉਹ ਉਹਨਾਂ ਕੋਰਸਾਂ ਨੂੰ ਕਰਨ ਦੀ ਇੱਛਾ ਰੱਖਦੇ ਹਨ, ਜੋ ਉਹਨਾਂ ਨੂੰ ਵੱਧੋ-ਵੱਧ ਸਿੱਖਣ ਅਤੇ ਕੌਸ਼ਲਾਂ ਦਾ ਵਿਕਾਸ ਕਰਨ ਵਿਚ ਮਦਦ ਕਰਨ।
- ਮੁੱਲਾਂ ਦੀ ਸਿੱਖਿਆ ਅਤੇ ਸਿੱਖਣ ਦੀ ਇੱਛਾ, ਜੋਕਿ ਬਹੁਤ ਸਾਰੇ ਸਕੂਲ ਪ੍ਰਦਾਨ ਕਰਦੇ ਹਨ।
- ਅਧਿਆਪਕ ਅਤੇ ਮਾਪਿਆਂ ਵੱਲੋਂ ਠੀਕ-ਗਲਤ ਦੀ ਸਮਝ ਪ੍ਰਦਾਨ ਕਰਨਾ।
- ਅਧਿਕਾਰਾਂ ਦੀ ਇੱਜਤ ਕਰਨਾ ਅਤੇ ਨਾਗਰਿਕ ਜਿੰਮੇਦਾਰੀ ਦੀ ਚੰਗੀ ਭਾਵਨਾ ਨੂੰ ਪੈਦਾ ਕਰਨਾ।
- ਸੁਤੰਤਰ ਤਰੀਕੇ ਨਾਲ ਕੰਮ ਕਰਨਾ ਅਤੇ ਦੂਜਿਆਂ ਨੂੰ ਇਸੇ ਤਰ੍ਹਾਂ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਨਾ।
- ਇੱਕ-ਦੂਜੇ ਲਈ ਪਰਵਾਹ ਅਤੇ ਚੰਗੀ ਭਾਵਨਾ ਪ੍ਰਦਰਸ਼ਿਤ ਕਰਨੀ।

**1.4.6 ਅਧਿਆਪਕਾਂ ਦਾ ਤਜ਼ਰਬਾ ਹਿੱਤਧਾਰਕ ਦੇ ਰੂਪ ਵਿਚ**

ਨਵੇਂ ਪਾਠਕ੍ਰਮ ਨੂੰ ਲਾਗੂ ਕਰਨ ਵਿੱਚ ਅਧਿਆਪਕ ਮੁੱਖ ਭੂਮਿਕਾ ਅਦਾ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਠਕ੍ਰਮ ਲਾਗੂ ਕਰਨ ਵਿਚ ਸਭ ਤੋਂ ਮਹੱਤਵਪੂਰਨ ਵਿਅਕਤੀ ਇੱਕ ਅਧਿਆਪਕ ਹੀ ਹੈ। ਉਹਨਾਂ ਦੇ ਗਿਆਨ, ਤਜ਼ਰਬੇ ਅਤੇ ਦੱਕਸ਼ਤਾ ਨਾਲ, ਅਧਿਆਪਕ ਪਾਠਕ੍ਰਮ ਸੁਧਾਰ ਕੋਸ਼ਿਸ਼ਾਂ ਵਿਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਉਹ ਦਾਰਸ਼ਨਿਕ ਮਾਨਤਾਵਾਂ, ਜਿਹਨਾਂ 'ਤੇ ਸਿਖਿਆ ਸਿਸਟਮ ਆਧਾਰਿਤ ਹੈ, ਉਹ ਇਹੀ ਦਰਸਾਉਂਦੇ ਹਨ ਕਿ ਸਿਖਿਆਰਥੀਆਂ ਦੇ ਸਿੱਖਣ ਨੂੰ ਅਧਿਆਪਕ ਪ੍ਰਭਾਵਿਤ ਕਰਦੇ ਹਨ। ਜਿੰਨੇ ਵਧੀਆ ਅਧਿਆਪਕ ਹੋਣਗੇ, ਉਨ੍ਹਾਂ ਹੀ ਵਧੀਆ ਸਿੱਖਣਾ ਹੋਵੇਗਾ। ਅਧਿਆਪਕਾਂ ਨੂੰ ਆਪਣੇ ਅਧਿਆਪਨ ਦਾ ਬਹੁਤ ਗਿਆਨ ਹੁੰਦਾ ਹੈ ਅਤੇ ਉਹ ਜਮਾਤ ਵਿਚ ਪਾਠਕ੍ਰਮ ਨਾਲ ਜਾਣ-ਪਛਾਣ ਕਰਵਾਉਣ ਲਈ ਜਿੰਮੇਦਾਰ ਹੁੰਦੇ ਹਨ।

ਪਾਠਕ੍ਰਮ ਵਿਚ ਹਿੱਤਧਾਰਕਾਂ ਦੇ ਰੂਪ ਵਿਚ ਅਧਿਆਪਕਾਂ ਦੀ ਭੂਮਿਕਾ :

1. ਅਧਿਆਪਕ ਪਾਠਕ੍ਰਮ ਵਿਕਾਸ-ਕਰਤਾ ਅਤੇ ਲਾਗੂਕਰਤਾ ਦੇ ਰੂਪ ਵਿਚ ਅਧਿਆਪਕ ਵਿਦਿਆਰਥੀਆਂ ਦੇ ਉਦੇਸ਼, ਜਰੂਰਤਾਂ ਅਤੇ ਰੁਚੀਆਂ ਦੁਆਰਾ ਪਾਠਕ੍ਰਮ ਨਿਰਮਾਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਵਿਦਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ ਦੇ ਅਨੁਸਾਰ ਪਾਠਕ੍ਰਮ ਦਾ ਵਿਕਾਸ ਕਰਦਾ ਹੈ ਕਿਉਂਕਿ ਅਧਿਆਪਕ ਹੀ ਸਕੂਲੀ ਪਾਠਕ੍ਰਮ ਦੇ ਆਰਕੀਟੈਕਟ ਹੁੰਦੇ ਹਨ। ਕੁਝ ਤੱਥ, ਜੋ ਕਿ ਪਾਠਕ੍ਰਮ ਨੂੰ ਲਾਗੂ ਕਰਨ ਵੇਲੇ ਧਿਆਨ ਵਿਚ ਰੱਖਣੇ ਚਾਹੀਦੇ ਹਨ :

ਉਮਰ
ਲਿੰਗ
ਸ਼ਰੀਰਕ ਵਿਕਾਸ
ਮਾਨਸਿਕ ਵਿਕਾਸ
ਭਾਵਨਾਤਮਿਕ ਵਿਕਾਸ
ਸੱਭਿਆਚਾਰਿਕ ਪਿਛੋਕੜ
ਰੁਚੀਆਂ
ਵਿਅਕਤੀਗਤ ਉਦੇਸ਼
ਆਕਾਂਖਿਆਵਾਂ

2. ***ਅਧਿਆਪਕਾਂ ਦੁਆਰਾ ਰੈਗੂਲਰ ਯੋਗਦਾਨ*** : *ਅਧਿਆਪਕ ਸਾਮਯਿਕ ਅਧਿਆਪਨ ਯੋਜਨਾਵਾਂ ਦਾ ਵਿਕਾਸ ਕਰਕੇ ਅਤੇ ਬੱਚਿਆਂ ਦੀਆਂ ਖਾਸ ਜਰੂਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਸਕੂਲ ਪਾਠਕ੍ਰਮ ਦੇ ਵਿਕਾਸ ਵਿਚ ਆਪਣਾ ਲਗਾਤਾਰ ਯੋਗਦਾਨ ਪਾਉਂਦੇ ਹਨ* (Dillon, 2009)। *ਇਸ ਲਈ ਅਧਿਆਪਕਾਂ ਦੇ ਨਿਵੇਸ਼ ਤੋਂ ਬਿਨਾਂ ਚੰਗਾ ਪਾਠਕ੍ਰਮ ਵਿਦਿਆਰਥੀਆਂ ਨੂੰ ਉਹਨਾਂ ਦੇ ਸਿੱਖਣ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਮਦਦ ਨਹੀਂ ਕਰ ਸਕਦਾ।*

3. ***ਤਕਨੀਕ ਅਤੇ ਅਧਿਆਪਕ*** : *ਸਿੱਖਿਆ ਦੇ ਖੇਤਰ ਵਿਚ ਅਧਿਆਪਕ ਨਵੀਆਂ ਤਕਨੀਕੀ ਚੀਜਾਂ ਦਾ ਪ੍ਰਯੋਗ ਕਰਕੇ ਵੱਖ-ਵੱਖ ਕੋਰਸ ਦੇ ਤੱਤਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਦਾ ਯਤਨ ਕਰਦੇ ਹਨ। ਚਾਹੇ ਆਧੁਨਿਕ ਸਿਖਿਆ ਪ੍ਰਣਾਲੀ ਵਿਚ ਟੈਕਨਾਲੋਜੀ ਮੁੱਖ ਸਥਾਨ ਰੱਖਦੀ ਹੈ ਪਰੰਤੂ, ਫੇਰ ਵੀ ਇਸਦਾ ਦਰਜਾ ਅਧਿਆਪਕ ਤੋਂ ਨੀਵਾਂ ਹੈ। ਦੂਜੇ ਸ਼ਬਦਾਂ ਵਿਚ ਤਕਨੀਕ ਨੂੰ ਪਾਠਕ੍ਰਮ ਵਿਚ ਸੰਮਿਲਿਤ ਕਰਨਾ ਚਾਹੀਦਾ ਹੈ ਪਰ ਇਹ ਪਾਠਕ੍ਰਮ ਵਿਕਾਸ ਅਤੇ ਸਿੱਖਣ ਪ੍ਰਕ੍ਰਿਆ ਵਿਚ ਅਧਿਆਪਕ ਦਾ ਕਦੇ ਵੀ ਚੰਗੀ ਬਦਲ ਨਹੀਂ ਹੋ ਸਕਦੀ। ਪਾਠਕ੍ਰਮ ਵਿਕਾਸ ਵਿੱਚ, ਅਧਿਆਪਕ ਨਵੇਂ ਤਕਨੀਕੀ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੇ ਹਨ।*

4. ***ਯੋਜਨਾ*** : *ਅਧਿਆਪਕ ਇੱਕ ਪਾਠ ਯੋਜਨਾ, ਇਕਾਈ ਯੋਜਨਾ ਜਾਂ ਵਾਰਸ਼ਿਕ ਯੋਜਨਾ ਰਾਹੀਂ ਪਾਠਕ੍ਰਮ ਦਾ ਨਿਰਮਾਣ ਕਰਦਾ ਹੈ।*

5. ***ਕਿੱਤਈ ਵਿਕਾਸ ਦੀ ਲੋੜ*** : *ਅਧਿਆਪਕਾਂ ਵਿਚ ਨਵੇਂ ਵਿਚਾਰਾਂ ਨੂੰ ਜਨਮ ਦੇਣ ਲਈ ਉਹਨਾਂ ਨੂੰ ਨਵੇਂ ਕਾਰਜਕ੍ਰਮਾਂ ਦੀ ਜਾਣਕਾਰੀ ਦੇਣੀ ਬਹੁਤ ਜਰੂਰੀ ਹੈ। ਇਸਦਾ ਮਤਲਬ ਇਹ ਹੈ ਕਿ ਅਧਿਆਪਕਾਂ ਦੇ ਕਿੱਤਈ ਵਿਕਾਸ ਲਈ ਉਹਨਾਂ ਨੂੰ ਸਿਖਲਾਈ ਦੇਣੀ ਚਾਹੀਦੀ ਹੈ ਅਤੇ ਵਰਕਸ਼ਾਪ ਲਗਾਉਣੀਆਂ ਚਾਹੀਦੀਆਂ ਹਨ। ਪਾਠਕ੍ਰਮ ਲਾਗੂ ਕਰਨ ਵੇਲੇ ਸਫ਼ਲਤਾ ਤਾਂ ਹੀ ਹਾਸਿਲ ਕੀਤੀ ਜਾ ਸਕਦੀ ਹੈ, ਜਦੋਂ ਅਧਿਆਪਕਾਂ ਦਾ ਕਿੱਤਈ ਵਿਕਾਸ ਕੀਤਾ ਜਾਵੇ।*

6. ***ਵਰਕਸ਼ਾਪ ਅਤੇ ਦੂਜੀਆਂ ਗਤੀਵਿਧੀਆਂ*** : *ਸਾਡੇ ਕੋਲ ਅਧਿਆਪਕ ਬਹੁਤ ਸਾਰੇ ਹਨ ਪਰੰਤੂ ਫੰਡਾਂ ਦੀ ਘਾਟ ਹੈ। ਸਭ ਤੋਂ ਸਾਧਾਰਨ ਪਹੁੰਚ ਇੱਕ ਦਿਸ ਦੀ ਵਰਕਸ਼ਾਪ ਲਗਾਉਣੀ ਹੈ ਜਿਸ ਵਿਚ ਮਾਹਿਰ ਲੈਕਚਰ ਦੇ ਕੇ ਪੈਡਾਗੈਜੀਕਲ ਰਣਨੀਤੀਆਂ ਬਾਰੇ ਅਧਿਆਪਕਾਂ ਨੂੰ ਸਮਝਾਵੇਗਾ।*

### 1.4.7 ਨਵੇਂ ਪਾਠਕ੍ਰਮ ਨੂੰ ਲਾਗੂ ਕਰਨ ਵਿਚ ਪ੍ਰਭਾਵਿਤ ਕਰਨ ਵਾਲੇ ਤੱਤ

- ***ਸਾਧਨਾਂ ਦੀ ਉਪਲੱਬਧਤਾ*** : *ਨਵੇਂ ਪਾਠਕ੍ਰਮ ਨੂੰ ਲਾਗੂ ਕਰਨ ਲਈ ਸੁਵਿਧਾਵਾਂ, ਯੰਤਰਾਂ ਅਤੇ ਸਾਧਾਰਨ ਸਾਧਨਾਂ ਦੀ ਉਪਲਬਧਤਾ।*
- ***ਸਮਾਂ*** : *ਨਵੇਂ ਪਾਠਕ੍ਰਮ ਲਈ ਅਤੇ ਜਰੂਰਤਾਂ ਨੂੰ ਪੂਰਾ ਕਰਨ ਲਈ ਉਪਲਬਧ ਸਮਾਂ ਭਾਵ ਅਧਿਆਪਕਾਂ ਨੂੰ ਉਸ ਵਿਸ਼ੇ ਵਿਚ ਆਪਣੀ ਸਮਝ-ਸ਼ਕਤੀ ਨੂੰ ਮਜਬੂਤ ਬਣਾਉਣ ਲਈ ਪੂਰਾ ਸਮਾਂ ਦੇਣਾ, ਜਿਹੜਾ ਉਹਨਾਂ ਨੇ ਜਮਾਤ ਵਿਚ ਪੜ੍ਹਾਉਣਾ ਹੈ।*
- ***ਸਕੂਲ ਦੀ ਪ੍ਰਕ੍ਰਿਤੀ*** : *ਨਵੇਂ ਪਾਠਕ੍ਰਮ ਨੂੰ ਲਾਗੂ ਕਰਨ ਵਿਚ ਸਕੂਲ ਦਰਸ਼ਨ ਦੀ ਪਾਠਕ੍ਰਮ ਪ੍ਰਤੀ ਵਿਸ਼ਵਾਸ਼*

*ਅਤੇ ਸਟਾਫ਼, ਪ੍ਰਬੰਧਕਾਂ ਅਤੇ ਸਮੁਦਾਇ ਦੁਆਰਾ ਪਾਠਕ੍ਰਮ ਦੀ ਸਥਿਤੀ ਬਾਰੇ ਗਿਆਨ ਵੀ ਪ੍ਰਭਾਵਿਤ ਕਰਦਾ ਹੈ।*

- ***ਕਿੱਤਈ ਸਹਾਇਤਾ*** *: ਸਕੂਲ ਦੇ ਅੰਦਰੋਂ ਅਤੇ ਬਾਹਰੋਂ ਅਧਿਆਪਕਾਂ ਨੂੰ ਸਹਾਇਤਾ ਭਾਵ ਚਲ ਰਹੇ ਪਾਠਕ੍ਰਮ ਕਿੱਤਈ ਮਦਦ ਦੇ ਅਫ਼ਸਰ ਪ੍ਰਦਾਨ ਕਰਨਾ।*
- ***ਕਿੱਤਈ ਉਪਲਬਧਤਾ*** *: ਅਧਿਆਪਕ ਦੀ ਆਪਣੀ ਯੋਗਤਾ ਅਤੇ ਸਮਤਾ ਭਾਵ ਅਧਿਆਪਨ ਵਿਚ ਆਤਮਵਿਸ਼ਵਾਸ।*

## ਪਾਠ ਵਿਚਲੇ ਲਘੂ ਪ੍ਰਸ਼ਨ

1. ਸਿਖਿਆ ਦੇ ਖੇਤਰ ਵਿੱਚ ਹਿਤਧਾਰਕ ਕੋਣ ਹਨ? ਸੂਚੀਬੱਧ ਕਰੋ।

.................................................................................................

.................................................................................................

2. ਪਾਠਕ੍ਰਮ ਵਿਕਾਸ ਵਿੱਚ ਅਧਿਆਪਕਾਂ ਦੀ ਭੂਮਿਕਾ ਦੀ ਵਿਆਖਿਆ ਕਰੋ।

.................................................................................................

.................................................................................................

### *1.4.8 ਹਿੱਤਧਾਰਕ ਦੇ ਰੂਪ ਵਿਚ ਮਾਪਿਆਂ ਦਾ ਤਜ਼ਰਬਾ*

*ਸਮੁਦਾਇ ਸਕੂਲ ਤੋਂ ਪ੍ਰਭਾਵਿਤ ਹੁੰਦਾ ਹੈ ਅਤੇ ਸਕੂਲ ਸਮੁਦਾਇ ਦੀ ਮਦਦ ਹੈ। ਮਾਪੇ ਸਿੱਧੇ ਤੌਰ 'ਤੇ ਪਾਠਕ੍ਰਮ ਨਿਰਮਾਣ ਵਿਚ ਸ਼ਾਮਿਲ ਨਹੀਂ ਹੁੰਦੇ ਪਰ ਉਹ ਕਿਸੇ ਵੀ ਪਾਠਕ੍ਰਮ ਦੇ ਵਿਕਾਸ ਨੂੰ ਸਫ਼ਲ ਕਰਨ ਵਿਚ ਮਦਦ ਜਰੂਰ ਕਰਦੇ ਹਨ। ਪਰਿਵਾਰ ਇੱਕ ਪ੍ਰਾਥਮਿਕ ਸਮਾਜਿਕ ਸੰਸਥਾ ਹੈ ਜਿੱਥੇ ਬੱਚਾ ਆਪਣੀ ਜਿੰਦਗੀ ਦੇ ਆਰੰਭਿਕ ਸਾਲ ਗੁਜਾਰਦਾ ਹੈ। ਜੇਕਰ ਬੱਚੇ ਨੂੰ ਘਰ ਵਿਚ ਚੰਗੀਆਂ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਤਾਂ ਉਸਦਾ ਜਿੰਦਗੀ ਪ੍ਰਤੀ ਨਜ਼ਰੀਆਂ ਵੀ ਹਮੇਸ਼ਾ ਚੰਗਾ ਹੀ ਰਹਿੰਦਾ ਹੈ। ਮਾਪੇ ਬੱਚੇ ਦੇ ਸਭ ਤੋਂ ਚੰਗੇ ਅਧਿਆਪਕ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਬੱਚੇ ਆਪਣੇ ਰੋਲ ਮਾਡਲ ਵੱਜੋਂ ਦੇਖਦੇ ਹਨ। ਜੇਕਰ ਮਾਪੇ ਧਾਰਮਿਕ ਹੁੰਦੇ ਹਨ ਤਾਂ ਬੱਚਿਆਂ ਦਾ ਵੀ ਪਰਮਾਤਮਾ ਵਿਚ ਵਿਸ਼ਵਾਸ਼ ਹੋਣਾ ਸੁਭਾਵਿਕ ਹੈ। ਜੇਕਰ ਮਾਪੇ ਧੋਖਾ ਕਰਦੇ ਹਨ ਤਾਂ ਬੱਚੇ ਵੀ ਇਹੋ ਸਿੱਖਦੇ ਹਨ। ਇਸਤੋਂ ਇਲਾਵਾ ਦੂਜੇ ਤੱਤ ਜਿਵੇਂ ਕਿ ਸਾਥੀ, ਪਰਿਵਾਰਿਕ ਮੈਂਬਰ, ਰਿਸ਼ਤੇਦਾਰ, ਸਕੂਲ ਦੇ ਅਧਿਆਪਕ ਅਤੇ ਸਮਾਜਿਕ ਵਾਤਾਵਰਨ ਬੱਚੇ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਮਾਪਿਆਂ ਦਾ ਇਹ ਰੋਲ ਹੁੰਦਾ ਹੈ ਕਿ ਉਹ ਬੱਚਿਆਂ ਵਿਚੋਂ ਕੁਪ੍ਰਵ੍ਰਿਤੀਆਂ ਨੂੰ ਖਤਮ ਕਰਕੇ ਉਹਨਾਂ ਵਿੱਚ ਚੰਗੀਆਂ ਪ੍ਰਵਿਰਤੀਆਂ ਪੈਦਾ ਕਰਨ। ਬੱਚੇ ਉੱਪਰ ਚੰਗੀਆਂ ਗੱਲਾਂ ਥੋਪਣ ਦੀ ਬਜਾਇ ਉਹਨਾਂ ਨੂੰ ਆਪ ਸੱਚ ਬਾਰੇ ਅਨੁਭਵ ਹੋਵੇ। ਮਾਪੇ ਪਾਠਕ੍ਰਮ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਮੁਸ਼ਕਿਲਾਂ ਬਾਰੇ ਪਤਾ ਹੁੰਦਾ ਹੈ। ਉਹਨਾਂ ਮੁਸ਼ਕਿਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਹ ਪਾਠਕ੍ਰਮ ਨਿਰਮਾਣ ਵਿਚ ਮਦਦ ਕਰ ਸਕਦੇ ਹਨ। ਮਾਪੇ ਇਸ ਪ੍ਰਕਾਰ ਨਾਲ ਪਾਠਕ੍ਰਮ ਬਣਾਉਣ ਵਿਚ ਮਦਦ ਕਰ ਸਕਦੇ ਹਨ।*

- ***ਚੰਗੀਆਂ ਉਪਲੱਬਧੀਆਂ*** *: ਜਿਹਨਾਂ ਸਕੂਲਾਂ ਵਿਚ ਮਾਪਿਆਂ ਦੀ ਉਪਸਥਿਤੀ ਜਰੂਰੀ ਹੁੰਦੀ ਹੈ, ਉਹਨਾਂ ਸਕੂਲਾਂ ਵਿਚ ਚੰਗੀਆਂ ਉਪਲਬਧੀਆਂ ਬੱਚੇ ਹਾਸਿਲ ਕਰਦੇ ਹਨ। ਘਰ ਵਿੱਚ ਵੀ ਸਕੂਲ ਦਾ ਵਾਤਾਵਰਨ ਬਣਾਇਆ ਜਾ ਸਕਦਾ ਹੈ। ਮਾਪੇ ਬੱਚਿਆਂ ਨੂੰ ਫ਼ਾਲੋ-ਅਪ ਕਰਦੇ ਹਨ, ਉਹਨਾਂ ਤੇ ਸਿੱਖਣ ਲਈ ਸਿੱਖਣ ਸਾਮਗਰੀ ਤਿਆਰ ਕਰਦੇ ਹਨ ਅਤੇ ਬੱਚਿਆਂ ਦਾ ਮੁਲਾਂਕਣ ਕਰ ਸਕਦੇ ਹਨ।*
- ***ਵਿੱਤੀ ਸਹਾਇਤਾ*** *: ਮਾਪੇ ਵਿੱਤੀ ਸਹਾਇਤਾ ਕਰਕੇ ਵੀ ਪਾਠਕ੍ਰਮ ਨਿਰਮਾਣ ਅਤੇ ਵਿਕਾਸ ਵਿਚ ਆਪਣਾ ਯੋਗਦਾਨ ਦੇ ਸਕਦੇ ਹਨ।*
- ***ਨਿਗਰਾਨੀ ਅਤੇ ਮੁਲਾਂਕਣ*** *: ਸਕੂਲ ਵਿੱਚ ਸਿੱਖੇ ਗਏ ਪਾਠਾਂ ਅਤੇ ਘਰ ਦੇ ਮਿਲੇ ਕੰਮਾਂ ਦੀ ਨਿਗਰਾਨੀ ਕਰਕੇ ਵੀ ਮਾਪੇ ਪਾਠਕ੍ਰਮ ਵਿਕਾਸ ਵਿਚ ਆਪਣਾ ਯੋਗਦਾਨ ਦੇ ਸਕਦੇ ਹਨ।*
- ***ਅੰਤਰਾਂ ਨੂੰ ਖਤਮ ਕਰਕੇ*** *: ਮਾਪੇ ਬੱਚਿਆਂ ਅਤੇ ਸਕੂਲ ਪ੍ਰਬੰਧਕਾਂ ਦੇ ਵਿਚਕਾਰ ਉਹਨਾਂ ਸਾਧਨਾਂ ਨੂੰ ਪ੍ਰਵਾਨ ਕਰਕੇ ਅੰਤਰ ਖਤਮ ਕਰ ਸਕਦੇ ਹਨ, ਜਿਨ੍ਹਾਂ ਸਾਧਨਾਂ ਦੀ ਪਾਠਕ੍ਰਮ ਵਿਚ ਬਹੁਤ ਲੋੜ ਹੈ ਪਰੰਤੂ ਉਹ ਸਕੂਲ ਵਿਚ ਉਪਲਬਧ ਨਹੀ ਹਨ।*
- ***ਬੱਚਿਆਂ ਦੇ ਵਿਵਹਾਰ ਦੀ ਨਿਗਰਾਨੀ ਲਈ ਅਧਿਆਪਕਾਂ ਦੀ ਮਦਦ*** *:ਮਾਪੇ ਬੱਚੇ ਦੇ ਵਿਵਹਾਰ ਅਤੇ ਸਮਾਜਿਕ ਵਿਕਾਸ ਖਾਸ ਕਰਕੇ ਖਾਸ ਸਿਖਿਅਕ ਜਰੂਰਤਾਂ ਵਾਲੇ ਬੱਚਿਆਂ ਦੀ ਨਿਗਰਾਨੀ ਕਰਕੇ ਅਧਿਆਪਕਾਂ ਦੀ ਮਦਦ ਕਰ ਸਕਦੇ ਹਨ। ਮਾਪੇ*

ਬੱਚਿਆਂ ਤੋਂ, ਅਧਿਆਪਕਾਂ ਤੋਂ ਅਤੇ ਸਕੂਲ ਪ੍ਰਸ਼ਾਸ਼ਕਾਂ ਤੋਂ ਜਾਣਕਾਰੀ ਲੈ ਕੇ ਪਾਠਕ੍ਰਮ ਵਿਕਾਸ ਲਈ ਭਰੋਸੇਯੋਗ ਸੂਚਨਾਂ ਦੇ ਸਕਦੇ ਹਨ।

– **ਮਾਪੇ ਸੰਘ** : ਜਿਆਦਾਤਰ ਸਕੂਲਾਂ ਵਿਚ ਮਾਪਿਆਂ ਦੀ ਐਸੋਸੀਏਸ਼ਨ ਸੰਗਠਿਤ ਕੀਤੀ ਜਾਂਦੀ ਹੈ ਅਤੇ ਇਸਨੂੰ ਸਕੂਲਾਂ ਵਿਚ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਮਾਪੇ ਇੱਕ ਮਾਪੇ ਐਸੋਸੀਏਸ਼ਨ ਦਾ ਨਿਰਮਾਣ ਕਰ ਲੈਂਦੇ ਹਨ। ਸਾਰੇ ਮਾਪਿਆਂ ਨੂੰ ਆਪਣੇ ਆਪ ਨੂੰ ਇੱਕ ਰਜਿਸਟਰਡ ਐਸੋਸੀਏਸ਼ਨ ਨਾਲ ਲਿੰਕ ਰੱਖਣਾ ਚਾਹੀਦਾ ਹੈ, ਜਿੱਥੇ ਉਹਨਾਂ ਦਾ ਇੱਕ ਲੀਡਰ ਹੋਵੇ ਜੋਕਿ ਉਹਨਾਂ ਦੁਆਰਾ ਲੋਕਤਾਂਤਰਿਕ ਢੰਗ ਨਾਲ ਚੁਣਿਆ ਗਿਆ ਹੋਵੇ। ਇਸ ਐਸੋਸ਼ੀਏਸ਼ਨ ਦੇ ਮਾਧਿਅਮ ਨਾਲ ਮਾਪੇ ਜਿਲਾ ਪਾਠਕ੍ਰਮ ਵਿਕਾਸ ਟੀਮ ਨੂੰ ਪਾਠਕ੍ਰਮ ਵਿਕਾਸ ਸੰਬੰਧੀ ਆਪਣੇ ਵਿਚਾਰ ਦੇ ਸਕਦੇ ਹਨ। ਇਸ ਵਿਚ ਕਾਉਸਲਰਜ਼ ਅਤੇ ਮਨੋਵਿਗਿਆਨਿਕ ਵੀ ਪਾਠਕ੍ਰਮ ਵਿਕਾਸ ਪ੍ਰਕ੍ਰਿਆ ਵਿਚ ਆਪਣੀਆਂ ਸਿਫ਼ਾਰਸ਼ਾਂ ਅਤੇ ਸੁਝਾਅ ਦੇ ਸਕਦੇ ਹਨ।

1.4.9 **ਸਾਰਾਂਸ਼:** ਸਟੇਕਹੋਲਡਰ ਸਕੂਲਾਂ ਦੇ ਪ੍ਰਬੰਧਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਦੇ ਹਨ। ਉਹ ਸਕੂਲ ਨੂੰ ਪੜ੍ਹਾਉਣ ਅਤੇ ਸਿੱਖਣ ਦੇ ਅਨੁਕੂਲ ਬਣਾਉਣ ਵਿਚ ਸਕੂਲ ਆਗੂਆਂ ਦੇ ਭਾਈਵਾਲ ਹਨ। ਉਹ ਸਕੂਲ ਦੀਆਂ ਗਤੀਵਿਧੀਆਂ, ਪ੍ਰੋਗਰਾਮਾਂ ਅਤੇ ਪ੍ਰੋਜਕਟਾਂ ਵਿਚ ਆਪਣੀ ਸਰਗਰਮ ਭਾਗੀਦਾਰੀ ਦੁਆਰਾ ਸਿੱਖਣ ਦੇ ਨੀਤੀਜਿਆਂ ਦੀ ਪ੍ਰਾਪਤੀ ਲਈ ਵੀ ਜ਼ਿੰਮੇਵਾਰ ਹਨ। ਹਿੱਸੇ ਦਾਰਾਂ ਵਿਚ ਸਿੱਖਿਆਂ ਪ੍ਰਨਾਲੀ ਦੇ ਟੀਚਿਆਂ ਦਾ ਸਮਰਥਨ ਕਰਨ ਲਈ ਲੋੜੀਦੇ ਸਰੋਤ ਜਾਣਕਾਰੀ ਅਤੇ ਮੌਕੇ ਪਿਆਰ, ਦੇਖਭਾਲ ਅਤੇ ਬੁੱਧੀ ਹੁੰਦੀ ਹੈ। ਸਾਡੇ ਬੱਚਿਆਂ ਲਈ ਹੁਣ ਅਤੇ ਭਵਿੱਖ ਵਿਚ ਪ੍ਰਫੁੱਲਤ ਹੋਣ ਦੀਆਂ ਸਥਿਤੀਆਂ ਬਣਾਉਣਾ।

### 1.4.10 ਮੁੱਖ ਸੰਕਲਪ:

1. **ਹਿਤਧਾਰਕ–** ਇਕ ਵਿਅਕਤੀ ਜਿਸਦਾ ਕਿਸੇ ਕੰਪਨੀ ਵਿਚ ਨਿਹਿਤ ਹਿਤ ਹੈ ਅਤੇ ਉਹ ਜਾਂ ਤਾ ਕਾਰੋਬਾਰੀ ਸੰਚਲਾਨ ਪ੍ਰਦਰਸਨ ਦੁਆਰਾ ਪ੍ਰਭਾਵਿਤ ਹੋ ਸਕਦਾ ਹੈ ਜਾਂ ਉਸ ਨੂੰ ਪ੍ਰਭਾਵਿਤ ਕਰ ਸਕਦਾ ਹੈ।
2. **ਸਿਖਣ ਵਿਚ ਹਿਤਧਾਰਕ–** ਕੋਈ ਵੀ ਜਿਸਨੂੰ ਸਕੂਲ ਜਾਂ ਸਕੂਲ ਪ੍ਰਨਾਲੀ ਦੀ ਸਫਲਤਾ ਵਿਚ ਦਿਲਚਪਸੀ ਹੋਵੇ।

### 1.4.11 ਸਵੈ ਮੁਲਾਂਕਣ ਅਭਿਆਸ: ਖਾਲੀ ਥਾਵਾਂ ਭਰੋ।

1. ਇਕ ਵਿਅਕਤੀ ਜਾ ਕਾਰੋਬਾਰ ਜਿਸਨੇ ਕਿਸੇ ਚੀਜ ਵਿਚ ਪੈਸਾ ਲਗਾਇਆ ਹੈ ਇਕ..........ਹੈ।
2. ਸਿਖਿਆਥੀ ਪਾਠਕ੍ਰਮ ਦੇ ਵਿਕਾਸ ਵਿਚ............ਹਿਸੇਦਾਰ ਹੈ।
3. ਪਾਠਕ੍ਰਮ ਦੀ ਸਫਲਤਾ ਨੂੰ ਸਿਰਫ ਸਿਖਿਆਰਥੀਆਂ ਦੁਆਰਾ ਹਾਸਲ ਕੀਤੀ ਗਈ.........ਦੀ ਹੋਂਦ ਤੋ ਹੀ ਮਾਪਿਆ ਜਾ ਸਕਦਾ ਹੈ।
4. ਕਿਸੇ ਵੀ ਪਾਠਕ੍ਰਮ ਦੀ ਨਵੀਨਤਾ ਨੂੰ................ ਵਿਚ ਅਧਿਆਪਕ ਕੇਦਰੀ ਭੂਮਿਕਾ ਨਿਭਾਉਦੇ ਹਨ।
5. ਸਮੁਦਾਇ ਸਕੂਲ ਦੇ ਪ੍ਰਭਾਵ ਦਾ ਪ੍ਰਤੀਬਿੰਬ ਹੈ ਅਤੇ ਸਕੂਲ ........... ਸਹਾਇਤਾ ਦਾ ਪ੍ਰਤੀਬਿੰਬ ਹੈ।

ਉਤਰ: 1. ਹਿਤਧਾਰਕ 2. ਮੁੱਖ 3. ਸਿੱਖਣ 4. ਲਾਗੂ ਕਰਨਾ 5. ਸਮੁਦਾਇ

### 1.4.12 ਸੁਝਾਏ ਗਏ ਪ੍ਰਸ਼ਨ

1. ਪਾਠਕ੍ਰਮ ਵਿਚ ਹਿਤਧਾਰਕਾਂ ਨੂੰ ਪਰਿਭਾਸ਼ਿਤ ਕਰੋ।
2. ਪਾਠਕ੍ਰਮ ਵਿਚ ਵੱਖ-ਵੱਖ ਤਰ੍ਹਾਂ ਦੇ ਹਿਤਧਾਰਕਾਂ ਬਾਰੇ ਲਿਖੋ।
3. ਪਾਠਕ੍ਰਮ ਵਿਚ ਹਿਤਧਾਰਕ ਦੇ ਰੂਪ ਵਿੱਚ ਸਿਖਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।
4. ਪਾਠਕ੍ਰਮ ਵਿੱਚ ਹਿੱਤਧਾਰਕਾਂ ਦੇ ਰੂਪ ਵਿਚ ਅਧਿਆਪਕਾਂ ਦੀ ਭੂਮਿਕਾ ਦੀ ਵਿਆਖਿਆ ਕਰੋ।
5. ਪਾਠਕ੍ਰਮ ਵਿੱਚ ਹਿਤਧਾਰਕ ਦੇ ਰੂਪ ਵਿੱਚ ਮਾਪਿਆਂ ਦੀਆਂ ਉਮੀਦਾਂ ਦੀ ਵਿਆਖਿਆ ਕਰੋ।
6. ਸਿੱਖਿਆ ਵਿਚ ਹਿਸੇਦਾਰਾਂ ਤੋਂ ਕੀ ਭਾਵ ਹੈ? ਪਾਠਕ੍ਰਮ ਦੇ ਵਿਕਾਸ ਅਤੇ ਲਾਗੂ ਕਰਨ ਵਿਚ ਕੁਝ ਮਹੱਤਵਪੂਰਨ ਹਿਸੇਦਾਰਾਂ ਦਾ ਜ਼ਿਕਰ ਕਰੋ।
7. ਕਿਸ ਤਰੀਕੇ ਨਾਲ ਅਧਿਆਪਕ ਆਪਣੇ ਆਪ ਨੂੰ ਪਾਠਕ੍ਰਮ ਵਿਚ ਮਹੱਤਵਪੂਰਨ ਹਿਸੇਦਾਰ ਸਾਬਤ ਕਰ ਸਕਦੇ ਹਨ? ਉਹ ਪਾਠਕ੍ਰਮ ਨਿਰਮਾਣ ਵਿਚ ਆਪਣੀ ਭੂਮਿਕਾ ਕਿਵੇਂ ਨਿਭਾ ਸਕਦੇ ਹਨ?

### *1.4.13 ਸੁਝਾਈ ਪੁਸਤਕ ਸੂਚੀ ਅਤੇ ਵੈਬ ਸਰੋਤ*


1. Amora, G.L. 1995. Child Centred Education for learing without burden. Gurgaon : Krishna Publishing Co.
2. National Council of Educational Research & Training 1988. National Curriculum for Elementary & Secondary Education : A Framework New Delhi : NCERT.
3. National Council of Education Research & Training 2000. National Curriculum Framework for School Education. New Delhi : NCERT.
4. Saxena, K.P.C. (ed.) 1994. Human Rights - Perspective & Challenges. New Delhi : Lancer Books.
5. Subarmarian, S. 1999. Human Rights : International Challanges. Natinal Curriculum.
6 ਆਈ.ਐਸ. ਨੰਦਰਾ (2016) ਨੋਲਿਜ ਐਂਡ ਕੁਅਰੀਕੁਲਮ 21ਵੀ ਸੈਚਰੀ ਪਬਲੀਕੇਸ਼ਨ

**web sources**

1. https://www.ukessays.com/essays/education/role-of-stakeholders-in-curriculum-development-education-essay.php.
2. https://files.eric.ed.gov/fulltext/ED51496.pdf
3. https://www.researchgate.net/post/What is the role of students as stakeholders in curriculum designing and Problem based learning PBL
4. https:/study.com/academy/lesson/what is a stakeholder in education definition -examples.html.

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.